# ਪੁਰਾਣਾ ਨੇਮ ਦੀਆਂ ਪੁਸਤਕਾਂ


| ਪੁਸਤਕ | ਅਧਿਆਇ | ਪੰਨਾ |
|---|---|---|
| ਉਤਪਤ | 50 | 1 |
| ਕੂਚ | 40 | 59 |
| ਲੇਵੀਆਂ | 27 | 107 |
| ਗਿਣਤੀ | 36 | 141 |
| ਬਿਵਸਥਾ ਸਾਰ | 34 | 187 |
| ਯਹੋਸ਼ੁਆ | 24 | 230 |
| ਨਿਆਈਆਂ | 21 | 259 |
| ਰੂਥ | 4 | 290 |
| 1ਸਮੂਏਲ | 31 | 295 |
| 2 ਸਮੂਏਲ | 24 | 333 |
| 1 ਰਾਜਿਆਂ | 22 | 365 |
| 2 ਰਾਜਿਆਂ | 25 | 399 |
| 1 ਇਤਹਾਸ | 29 | 435 |
| 2 ਇਤਹਾਸ | 36 | 468 |
| ਅਜ਼ਰਾ | 10 | 505 |
| ਨਹਮਯਾਹ | 13 | 516 |
| ਅਸਤਰ | 10 | 533 |
| ਅੱਯੂਬ | 42 | 542 |
| ਜ਼ਬੂਰ | 150 | 576 |
| ਕਹਾਉਤਾਂ | 31 | 656 |

| ਪੁਸਤਕ | ਅਧਿਆਇ | ਪੰਨਾ |
|---|---|---|
| ਉਪਦੇਸ਼ਕ | 12 | 684 |
| ਸਲੇਮਾਨ ਦਾ ਗੀਤ | 8 | 694 |
| ਯਸਾਯਾਹ | 66 | 700 |
| ਯਿਰਮਿਯਾਹ | 52 | 764 |
| ਵਿਰਲਾਪ | 5 | 836 |
| ਹਿਜ਼ਕੀਏਲ | 48 | 843 |
| ਦਾਨੀਏਲ | 12 | 901 |
| ਹੋਸ਼ੇਆ | 14 | 920 |
| ਯੋਏਲ | 3 | 929 |
| ਆਮੋਸ | 9 | 933 |
| ਓਬਦਯਾਹ | 1 | 940 |
| ਯੂਨਾਹ | 4 | 942 |
| ਮੀਕਾਹ | 7 | 945 |
| ਨਹੂਮ | 3 | 951 |
| ਹਬੱਕੂਕ | 3 | 954 |
| ਸਫ਼ਨਯਾਹ | 3 | 957 |
| ਹੱਜਈ | 2 | 960 |
| ਜ਼ਕਰਯਾਹ | 14 | 962 |
| ਮਲਾਕੀ | 6 | 971 |


# ਨਵੇਂ ਨੇਮ ਦੀਆਂ ਪੁਸਤਕਾਂ


| ਪੁਸਤਕ | ਅਧਿਆਇ | ਪੰਨਾ |
|---|---|---|
| ਮੱਤੀ | 28 | 977 |
| ਮਰਕੁਸ | 16 | 1018 |
| ਲੂਕਾ | 24 | 1044 |
| ਯੂਹੰਨਾ | 21 | 1088 |
| ਰਸੂਲਾਂ ਦੇ ਕਰਤੱਬ | 28 | 1119 |
| ਰੋਮੀਆਂ ਨੂੰ | 16 | 1159 |
| 1 ਕੁਰਿੰਥੀਆਂ ਨੂੰ | 16 | 1178 |
| 2 ਕੁਰਿੰਥੀਆਂ ਨੂੰ | 13 | 1196 |
| ਗਲਾਤੀਆਂ ਨੂੰ | 6 | 1208 |
| ਅਫ਼ਸੀਆਂ ਨੂੰ | 6 | 1215 |
| ਫ਼ਿਲਿੱਪੀਆਂ ਨੂੰ | 4 | 1221 |
| ਕੁਲੁੱਸੀਆਂ ਨੂੰ | 4 | 1226 |
| 1 ਥੱਸਲੁਨੀਕੀਆਂ ਨੂੰ | 5 | 1230 |
| 2 ਥੱਸਲੁਨੀਕੀਆਂ ਨੂੰ | 3 | 1234 |

| ਪੁਸਤਕ | ਅਧਿਆਇ | ਪੰਨਾ |
|---|---|---|
| 1 ਤਿਮੋਥਿਉਸ ਨੂੰ | 6 | 1237 |
| 2 ਤਿਮੋਥਿਉਸ ਨੂੰ | 4 | 1243 |
| ਤੀਤੁਸ ਨੂੰ | 3 | 1247 |
| ਫਿਲੇਮੋਨ ਨੂੰ | 1 | 1250 |
| ਇਬਰਾਨੀਆਂ ਨੂੰ | 13 | 1251 |
| ਯਾਕੂਬ | 5 | 1266 |
| 1 ਪਤਰਸ | 5 | 1271 |
| 2 ਪਤਰਸ | 3 | 1276 |
| 1 ਯੂਹੰਨਾ | 5 | 1280 |
| 2 ਯੂਹੰਨਾ | 1 | 1285 |
| 3 ਯੂਹੰਨਾ | 1 | 1286 |
| ਯਹੂਦਾਹ | 1 | 1287 |
| ਪਰਕਾਸ਼ ਦੀ ਪੋਥੀ | 22 | 1289 |

# ਮੁੱਖਬੰਧ

ਪਵਿੱਤਰ ਬਾਈਬਲ ਦਾ ਇਹ ਸੰਸਕਰਣ ਆਮ ਲੋਕਾਂ, ਬੱਚਿਆਂ ਅਤੇ ਉਨ੍ਹਾਂ ਲੋਕਾਂ ਦੀਆਂ ਖਾਸ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਕੇ ਰਚਿਆ ਗਿਆ ਹੈ ਜਿਨ੍ਹਾਂ ਨੇ ਹਾਲ ਵਿੱਚ ਹੀ ਪੜ੍ਹਨਾ ਲਿਖਣਾ ਸ਼ੁਰੂ ਕੀਤਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਅਨੁਵਾਦਕਾਂ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਉਹ ਸੌਖੇ ਅਤੇ ਛੋਟੇ-ਛੋਟੇ ਵਾਕਾਂ ਦਾ ਹੀ ਪ੍ਰਯੋਗ ਕਰਨ।

ਇਸ ਸੰਸਕਰਣ ਦੀ ਤਿਆਰੀ ਵਿੱਚ ਰਾਹਨੁਮਾਈ ਕਰਨ ਵਾਲੇ ਪਹਿਲੇ ਵਿਚਾਰਾਂ ਵਿੱਚੋਂ ਇੱਕ ਵਿਚਾਰ ਇਹ ਸੀ ਕਿ ਚੰਗਾ ਅਨੁਵਾਦ ਚੰਗਾ ਸੰਚਾਰ ਹੁੰਦਾ ਹੈ। ਅਨੁਵਾਦਕਾਂ ਦਾ ਮੂਲ ਸਰੋਕਾਰ ਹਮੇਸ਼ਾ ਇਹੀ ਰਿਹਾ ਹੈ ਕਿ ਪਾਠਕ ਤੱਕ "ਨਵਾਂ ਨੇਮ" ਦੇ ਲੇਖਕਾਂ ਦਾ ਸੰਦੇਸ਼ ਉਸੇ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਉਸੇ ਸੁਭਾਵਿਕ ਤੌਰ ਤੇ ਪਹੁੰਚਾਇਆ ਜਾਵੇ ਜਿਵੇਂ ਮੂਲ ਲਿਖਤਾਂ ਨੇ ਉਸ ਵੇਲੇ ਦੇ ਲੋਕਾਂ ਤੱਕ ਪਹੁਚਾਇਆ ਸੀ। ਸੱਚਾ ਅਨੁਵਾਦ ਸਿਰਫ ਸ਼ਬਦਾਂ ਨੂੰ ਸ਼ਬਦਕੋਸ਼ ਨਾਲ ਮੇਲ ਕੇ ਪੇਸ਼ ਕਰਨਾ ਨਹੀਂ। ਇਹ ਤਾਂ ਮੂਲ ਸੰਦੇਸ਼ ਨੂੰ ਅਜਿਹੇ ਰੂਪ ਵਿੱਚ ਪ੍ਰਗਟ ਕਰਨ ਦਾ ਢੰਗ ਹੈ ਜਿਹੜਾ ਕਿ ਨਾ ਕੇਵਲ ਉਹੋ ਜਿਹਾ ਭਾਵਾਰਥ ਰੱਖਦਾ ਹੋਵੇ, ਬਲਕਿ ਸਾਰਥਕ ਵੀ ਪ੍ਰਤੀਤ ਹੁੰਦਾ ਹੋਵੇ ਉਹ ਅੱਜ ਵੀ ਉਸੇ ਤਰ੍ਹਾਂ ਦੀ ਦਿਲਚਸਪੀ ਜਗਾਉਂਦਾ ਹੋਵੇ, ਅਤੇ ਉਸੇ ਤਰ੍ਹਾਂ ਦਾ ਪ੍ਰਭਾਵ ਰੱਖਦਾ ਹੋਵੇ, ਜਿਹੜਾ ਇਹ ਹਜ਼ਾਰਾਂ ਸਾਲ ਪਹਿਲਾਂ ਰੱਖਦਾ ਸੀ।

ਇਸ ਲਈ, ਪ੍ਰਭਾਵਸ਼ਾਲੀ ਸੰਚਾਰ, ਇਸ ਮੂਲ-ਗ੍ਰੰਥ ਦੇ ਅਨੁਵਾਦਕਾਂ ਲਈ, ਬਹੁਤ ਮਹੱਤਵਪੂਰਣ ਸੀ। ਸੰਚਾਰ ਦੀ ਇੱਛਾ ਨੇ ਇਸ ਦੀ ਸੁਨਿਸ਼ਚਿਤਤਾ ਨੂੰ ਘੱਟ ਮਹੱਤਵ ਨਹੀਂ ਦਿੱਤਾ। ਅਤੇ ਨਾ ਹੀ ਇਸ ਸੁਨਿਸ਼ਚਿਤਤਾ ਦੀ ਅਨਿਵਾਰਤਾ ਨੂੰ ਕੇਵਲ ਭਾਸ਼ਾਈ ਗੁਣਾਂ ਦਾ ਬਾਹਰ ਮੁਖੀ ਸੁਮੇਲ ਸਮਝਿਆ ਗਿਆ। ਇਸ ਲਈ ਵਿਚਾਰਾਂ ਨੂੰ ਸੰਪੂਰਨ ਵਫ਼ਾਦਾਰੀ ਰੋਚਕਤਾ ਨਾਲ ਪੇਸ਼ ਕਰਨ ਦਾ ਹਰ ਸੰਭਵ ਪ੍ਰਯਾਸ ਅਨੁਵਾਦਕਾਂ ਨੇ ਕੀਤਾ।

ਪੋਥੀਆਂ ਦੇ ਮੂਲ ਲੇਖਕਾਂ ਨੇ ਖਾਸ ਤੌਰ ਤੇ ਜਿਨ੍ਹਾਂ ਨੇ ਨਵੇਂ ਨੇਮ ਦੀ ਰਚਨਾ ਕੀਤੀ, ਆਪਣੀ ਭਾਸ਼ਾ ਸ਼ੈਲੀ ਨਾਲ਼ ਇਹ ਦਰਸ਼ਾ ਦਿੱਤਾ ਕਿ ਉਨ੍ਹਾਂ ਦੀ ਦਿਲਚਸਪੀ ਚੰਗੇ ਸੰਚਾਰ ਵਿੱਚ ਸੀ। ਇਸ ਪੰਜਾਬੀ ਸੰਸਕਰਣ ਵਿੱਚ ਵੀ ਇਸ ਮਸਾਲ ਦੀ ਪਾਲਣਾ ਕੀਤੀ ਗਈ ਹੈ। ਇਸ ਲਈ ਉਨ੍ਹਾਂ ਨੇ ਆਪਣੇ ਖਾਸ ਸਰੋਤਿਆਂ ਤੱਕ ਇਸ "ਨਵੇਂ ਨੇਮ" ਦੇ ਪਾਠ ਦੇ ਅਰਥ ਅਜਿਹੇ ਰੂਪ ਵਿੱਚ ਵਿਅਕਤ ਕਰਨ ਦੀ ਚੇਸ਼ਟਾ ਕੀਤੀ ਜਿਹੜਾ ਨਾ ਕੇਵਲ ਸਰਲ ਅਤੇ ਸੁਭਾਵਨਾ ਹੋਵੇ ਪਰ ਪਵਿੱਤਰ ਗ੍ਰੰਥ ਦੀ ਸਚਿਆਈ ਨੂੰ ਮੂਲ ਰੂਪ ਵਿੱਚ ਪਰਗਟ ਕਰੇ।

ਇਸ ਅਨੁਵਾਦ ਦੇ ਮੁਸ਼ਕਿਲ ਜਾਂ ਧੁੰਦਲੇ ਸ਼ਬਦਾਂ ਦੀਆਂ ਸੰਖੇਪ ਵਿਆਖਿਆਵਾਂ ਜਾਂ ਉਨ੍ਹਾਂ ਦੇ ਸਮਾਨ-ਸਥਾਨ ਦੀ ਵਰਤੋਂ ਕੀਤੀ ਗਈ ਹੈ, ਵਿਆਖਿਆ ਦੇ ਇਨ੍ਹਾਂ ਸ਼ਬਦਾਂ ਨੂੰ ਬਰੈਕਟਾਂ ਵਿੱਚ ਦਿੱਤਾ ਗਿਆ ਹੈ। ਜਿਨ੍ਹਾਂ ਸ਼ਬਦਾਂ ਜ਼ਾਂ ਵਾਕ-ਅੰਸ਼ਾਂ ਦੀ ਭਰਪੂਰ ਵਿਆਖਿਆ ਲੋੜੀਦੀ ਹੈ ਉਨ੍ਹਾਂ ਨੂੰ (*) ਦੇ ਨਿਸ਼ਨ ਰਾਹੀਂ ਪੈਰ-ਟਿੱਪਣੀ ਵਿੱਚ ਸਮਝਾਇਆ ਗਿਆ ਹੈ, ਇਸ ਤੋਂ ਇਲਾਵਾ, ਪਵਿੱਤਰ ਗ੍ਰੰਥਾਂ ਦੇ ਉਦਾਰਣਾਂ ਦੀ ਨਿਸ਼ਾਨ ਦੇਹੀ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਪਾਠੰਤਰ ਵੀ ਕਈ ਥਾਈਂ ਪੈਰ-ਟਿੱਪਣੀਆਂ ਵਿੱਚ ਦਿੱਤੇ ਗਏ ਹਨ। ਕਿਧਰੇ ਕਿਧਰੇ ਅਜਿਹੇ ਸ਼ਬਦ ਜ਼ਾਂ ਕਥਨ ਵੀ ਦਿੱਤੇ ਗਏ ਹਨ ਜਿਹੜੇ ਪਾਠ ਦੇ ਪ੍ਰਸੰਗ ਨਾਲ ਸੰਬੰਧਿਤ ਹਨ ਅਤੇ ਅਰਥਾਂ ਨੂੰ ਸਪਸ਼ਟ ਕਰਦੇ ਹਨ।

# ਭੂਮਿਕਾ

ਬਾਈਬਲ ਸ਼ਬਦ ਯੂਨਾਨੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ "ਪੁਸਤਕਾਂ।" ਅਸਲ ਵਿੱਚ ਬਾਈਬਲ ਦੋ ਪੁਸਤਕਾਂ ਦਾ ਸੰਗ੍ਰਹਿ ਹੈ। ਜਿਸ ਸ਼ਬਦ ਦਾ ਅਨੁਵਾਦ ਨੇਮ ਵਜੋਂ ਕੀਤਾ ਗਿਆ ਸੀ ਇਸ ਦੀ ਵਰਤੋਂ 'ਕਰਾਰ' ਦੇ ਅਰਥਾਂ ਵਿੱਚ ਕੀਤੀ ਜਾਂਦੀ ਸੀ। ਇਹ ਪਰਮੇਸ਼ੁਰ ਵੱਲੋਂ ਆਪਣੇ ਲੋਕਾਂ ਨੂੰ ਅਸੀਸ ਦੇਣ ਲਈ ਕੀਤੇ ਕਰਾਰ ਵੱਲ ਸੰਕੇਤ ਕਰਦਾ ਹੈ। "ਪੁਰਾਣਾ ਨੇਮ" ਉਨ੍ਹਾਂ ਲਿਖਤਾਂ ਦਾ ਸੰਗ੍ਰਿਹ ਹੈ ਜਿਨ੍ਹਾਂ ਦਾ ਸੰਬੰਧ ਮੂਸਾ ਦੇ ਸਮੇਂ ਪਰਮੇਸ਼ੁਰ ਵੱਲੋਂ ਯਹੂਦੀ ਲੋਕਾਂ (ਇਸਰਾਏਲ) ਨਾਲ ਕੀਤੇ ਕਰਾਰ ਨਾਲ ਹੈ। "ਨਵਾਂ ਨੇਮ" ਉਨ੍ਹਾਂ ਲਿਖਤਾਂ ਦਾ ਸੰਗ੍ਰਿਹ ਹੈ ਜਿਹੜੀਆਂ ਪਰਮੇਸ਼ੁਰ ਵੱਲੋਂ ਉਨ੍ਹਾਂ ਸਮੂਹ ਲੋਕਾਂ ਨਾਲ ਕੀਤੇ ਕਰਾਰ ਨਾਲ ਸੰਬੰਧਿਤ ਹਨ ਜਿਹੜੇ ਯਿਸੂ ਮਸੀਹ ਵਿੱਚ ਨਿਹਚਾ ਰੱਖਦੇ ਹਨ।

ਪੁਰਾਣੇ ਨੇਮ ਦੀਆਂ ਲਿਖਤਾਂ ਪਰਮੇਸ਼ੁਰ ਵੱਲੋਂ ਯਹੂਦੀ ਲੋਕਾਂ ਨਾਲ ਵਿਹਾਰ ਕਰਦਿਆਂ ਹੋਇਆ ਕੀਤੇ ਉਨ੍ਹਾਂ ਮਹਾਨ ਕਾਰਨਾਮਿਆਂ ਨੂੰ ਬਿਆਨ ਕਰਦੀਆਂ ਹਨ ਜਿਹੜੇ ਪਰਮੇਸ਼ੁਰ ਵੱਲੋਂ ਉਨ੍ਹਾਂ ਲੋਕਾਂ ਰਾਹੀਂ ਸਾਰੀ ਦੁਨੀਆਂ ਨੂੰ ਅਸੀਸ ਦੇਣ ਦੀ ਯੋਜਨਾ ਨੂੰ ਪ੍ਰਗਟਾਉਂਦੇ ਹਨ। ਉਨ੍ਹਾਂ ਲਿਖਤਾਂ ਵਿੱਚ ਕਿਸੇ ਭਵਿੱਖ ਵਿੱਚ ਆਉਣ ਵਾਲੇ ਮੁਕਤੀਦਾਤਾ "ਮਸੀਹਾ" ਵੱਲ ਵੀ ਸੰਕੇਤ ਕੀਤਾ ਗਿਆ ਹੈ ਜਿਸਨੂੰ ਪਰਮੇਸ਼ੁਰ ਵੱਲੋਂ ਆਪਣੀ ਯੋਜਨਾ ਦੀ ਪੂਰਤੀ ਲਈ ਭੇਜਿਆ ਜਾਣਾ ਹੈ। ਨਵੇਂ ਨੇਮ ਦੀਆਂ ਲਿਖਤਾਂ, ਪੁਰਾਣੇ ਨੇਮ ਦਾ ਹੀ ਅਗਲੇਰਾ ਭਾਗ ਹਨ। ਉਹ ਮੁਕਤੀਦਾਤਾ (ਯਿਸੂ ਮਸੀਹ) ਦੇ ਆਗਮਨ ਬਾਰੇ ਦੱਸਦੀਆਂ ਹਨ ਅਤੇ ਇਹ ਵੀ ਦੱਸਦੀਆਂ ਹਨ ਕਿ ਉਸ ਦੀ ਆਮਦ ਦਾ ਸਮੂਹ ਲੋਕਾਂ ਲਈ ਕੀ ਅਰਥ ਹੋਵੇਗਾ। ਨਵੇਂ ਨੇਮ ਨੂੰ ਸਮਝਣ ਲਈ ਪੁਰਾਣੇ ਨੇਮ ਨੂੰ ਪੜ੍ਹਨਾ ਬਹੁਤ ਮਹੱਤਵਪੂਰਣ ਹੈ, ਕਿਉਂਕਿ ਇਹ ਇਸ ਦਾ ਜ਼ਰੂਰੀ ਪਿਛੋਕੜ ਪ੍ਰਦਾਨ ਕਰਦਾ ਹੈ। ਅਤੇ ਨਵਾਂ ਨੇਮ ਮੁਕਤੀ ਦੀ ਉਸ ਗਾਥਾ ਨੂੰ ਪੂਰਾ ਕਰਦਾ ਹੈ ਜਿਸਦਾ ਆਰੰਭ ਪੁਰਾਣੇ ਨੇਮ ਵਿੱਚ ਹੋਇਆ ਸੀ।

## ਪੁਰਣਾ ਨੇਮ

ਪੁਰਾਣਾ ਨੇਮ ਬਹੁਤ ਸਾਰੇ ਵੱਖ-ਵੱਖ ਲੇਖਕਾਂ ਵੱਲੋਂ ਲਿਖੀਆਂ ਹੋਈਆਂ ਉਨਤਾਲੀ ਭਿੰਨ-ਭਿੰਨ ਪੁਸਤਕਾਂ ਦਾ ਸੰਗ੍ਰਹਿ ਹੈ। ਉਹ ਮੁੱਖ ਤੌਰ ਤੇ ਇਬਰਾਨੀ ਭਾਸ਼ਾ ਵਿੱਚ ਲਿਖੀਆਂ ਗਈਆਂ ਸਨ ਜਿਹੜੀ ਪੁਰਾਣੇ ਇਸਰਾਏਲ ਦੀ ਭਾਸ਼ਾ ਸੀ। ਉਨ੍ਹਾਂ ਦੇ ਕੁਝ ਹਿੱਸੇ ਅਰਾਮੀ ਭਾਸ਼ਾ ਵਿੱਚ ਵੀ ਹਨ ਜਿਹੜੀ ਕਿ ਬੇਬੀਲੋਨ ਦੀ ਸਲਤਨਤ ਦੀ ਸਰਕਾਰੀ ਭਾਸ਼ਾ ਸੀ। ਪਰਾਣੇ ਨੇਮ ਦੇ ਕੁਝ ਹਿੱਸੇ ਤਿੰਨ ਹਜ਼ਾਰ ਪੰਜ ਸੌ ਸਾਲਾਂ ਤੋਂ ਵੀ ਪਹਿਲਾਂ ਲਿਖੇ ਗਏ ਸਨ, ਅਤੇ ਪਹਿਲੀ ਪੁਸਤਕ ਅਤੇ ਆਖਰੀ ਪੁਸਤਕ ਲਿਖੇ ਜਾਣ ਵਿੱਚ ਤਕਰੀਬਨ ਇੱਕ ਹਜ਼ਾਰ ਸਾਲ ਦਾ ਅੰਤਰ ਹੈ। ਇਸ ਸੰਗ੍ਰਹਿ ਵਿੱਚ ਸ਼ਰ੍ਹਾਂ, ਇਤਹਾਸ, ਵਾਰਤਕ, ਗੀਤ, ਕਵਿਤਾ ਅਤੇ ਸਿਆਣੇ ਬੰਦਿਆਂ ਦੇ ਕਥਨਾਂ ਨਾਲ ਸੰਬੰਧਿਤ ਪੁਸਤਕਾਂ ਸ਼ਾਮਿਲ ਹਨ।

ਪੁਰਾਣੇ ਨੇਮ ਦਾ ਵਿਭਾਜਨ ਆਮ ਤੌਰ ਤੇ ਤਿੰਨ ਮੁੱਖ ਭਾਗਾਂ ਵਿੱਚ ਕੀਤਾ ਜਾਂਦਾ ਹੈ; ਸ਼ਰ੍ਹਾ, ਨਬੀਆਂ ਅਤੇ ਪਵਿੱਤਰ ਲਿਖਤਾਂ। ਸ਼ਰ੍ਹਾ ਦੇ ਅੰਤਰਗਤ ਪੰਜ ਪੁਸਤਕਾਂ ਹਨ ਜਿਨ੍ਹਾਂ ਨੂੰ "ਮੂਸਾ ਦੀਆਂ ਪੰਜ ਪੁਸਤਕਾਂ" ਆਖਿਆ ਜਾਂਦਾ ਹੈ। ਪਹਿਲੀ ਪੁਸਤਕ ਉਤਪਤ ਬਾਰੇ ਹੈ। ਇਹ ਸੰਸਾਰ ਦੇ ਅਰੰਭ ਬਾਰੇ ਦੱਸਦੀ ਹੈ ਜੋ ਕਿ ਅਸੀਂ ਜਾਣਦੇ ਹਾਂ, ਇਹ ਪਹਿਲੇ ਆਦਮੀ ਅਤੇ ਔਰਤ ਦੇ ਪਰਮੇਸ਼ੁਰ ਦੇ ਵਿਰੁੱਧ ਉਨ੍ਹਾਂ ਦੇ ਪਹਿਲੇ ਪਾਪ ਬਾਰੇ ਦੱਸਦੀ ਹੈ। ਇਹ ਮਹਾਨ ਹੜ੍ਹ ਬਾਰੇ ਅਤੇ ਉਸ ਪਰਿਵਾਰ ਬਾਰੇ ਦੱਸਦੀ ਹੈ ਜਿਸਨੂੰ ਪਰਮੇਸ਼ੁਰ ਨੇ ਹੜ੍ਹ ਵਿੱਚੋਂ ਬਚਾਇਆ ਸੀ। ਅਤੇ ਇਹ ਇਸਰਾਏਲ ਦੀ ਕੌਮ ਦੀ ਸ਼ੁਰੂਆਤ ਬਾਰੇ ਅਤੇ ਉਨ੍ਹਾਂ ਲੋਕਾਂ ਬਾਰੇ ਦੱਸਦੀ ਹੈ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਆਪਣੇ ਖਾਸ ਮਨੋਰਥ ਦੀ ਪੂਰਤੀ ਲਈ ਚੁਣਿਆ ਸੀ।

## ਅਬਰਾਹਮ ਦੀ ਕਥਾ

ਪਰਮੇਸ਼ੁਰ ਨੇ ਨਿਹਚਾ ਵਾਲੇ ਇੱਕ ਮਹਾਨ ਮਨੁੱਖ, ਅਬਰਾਹਮ ਨਾਲ ਇੱਕ ਕਰਾਰ ਕੀਤਾ ਸੀ। ਉਸ ਕਰਾਰ ਵਿੱਚ ਪਰਮੇਸ਼ੁਰ ਨੇ ਅਬਰਾਹਮ ਨੂੰ ਇੱਕ ਮਹਾਨ ਕੌਮ ਦਾ ਪਿਤਾ ਬਨਾਉਣ ਅਤੇ ਉਸ ਨੂੰ ਅਤੇ ਉਸ ਦੀ ਉਲਾਦ ਨੂੰ ਕਾਨਾਨ ਦੀ ਧਰਤੀ ਦੇਣ ਦਾ ਕਰਾਰ ਕੀਤਾ ਸੀ। ਇਹ ਦਰਸ਼ਾਉਣ ਲਈ ਕਿ ਅਬਰਾਹਮ ਨੇ ਉਸ ਦੇ ਕਰਾਰ ਨੂੰ ਪ੍ਰਵਾਨ ਕਰ ਲਿਆ, ਅਬਰਾਹਮ ਦੀ ਸੁੰਨਤ ਕੀਤੀ ਗਈ,

ਅਤੇ ਇਹ ਸੁੰਨਤ ਪਰਮੇਸ਼ੁਰ ਅਤੇ ਉਸ ਦੇ ਬੰਦਿਆਂ ਵਿਚਕਾਰ ਕਰਾਰ ਦਾ ਸਬੂਤ ਬਣ ਗਿਆ। ਅਬਰਾਹਾਮ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ ਕਿ ਪਰਮੇਸ਼ੁਰ ਇਹ ਸਾਰੀਆਂ ਗੱਲਾਂ ਕਿਵੇਂ ਕਰੇਗਾ ਜਿਨ੍ਹਾਂ ਦਾ ਉਸ ਨੇ ਕਰਾਰ ਕੀਤਾ ਹੈ, ਪਰ ਅਬਰਾਹਾਮ ਨੂੰ ਪਰਮੇਸ਼ੁਰ ਵਿੱਚ ਭਰੋਸਾ ਸੀ। ਇਸ ਨੇ ਪਰਮੇਸ਼ੁਰ ਨੂੰ ਬਹੁਤ ਪ੍ਰਸੰਨ ਕੀਤਾ।

ਪਰਮੇਸ਼ੁਰ ਨੇ ਅਬਰਾਹਾਮ ਨੂੰ ਆਖਿਆ ਕਿ ਉਹ ਆਪਣਾ ਘਰ ਮੈਸੋਪੋਤਾਮੀਆ ਦੇ ਯਹੂਦੀਆਂ ਵਿਚਕਾਰ ਹੀ ਛੱਡ ਦੇਵੇ ਅਤੇ ਪਰਮੇਸ਼ੁਰ ਨੇ ਉਸ ਦੀ ਅਗਵਾਈ ਕਰਾਰ ਵਾਲੀ ਧਰਤੀ, ਕਾਨਾਨ ਵੱਲ ਕੀਤੀ (ਜਿਸ ਨੂੰ ਫ਼ਲਸਤੀਨ ਵੀ ਆਖਿਆ ਜਾਂਦਾ ਸੀ।) ਬਿਰਧ ਅਵਸਥਾ ਵਿੱਚ ਅਬਰਾਹਾਮ ਦੇ ਘਰ ਇੱਕ ਪੁੱਤਰ ਜਨਮਿਆ ਜਿਸਦਾ ਨਾਮ ਇਸਹਾਕ ਸੀ। ਇਸਹਾਕ ਦਾ ਇੱਕ ਪੁੱਤਰ ਸੀ ਯਾਕੂਬ। ਯਾਕੂਬ ਦੇ (ਜਿਸ ਨੂੰ ਇਸਰਾਏਲ ਵੀ ਆਖਿਆ ਜਾਂਦਾ ਸੀ) ਬਾਰ੍ਹਾਂ ਪੁੱਤਰ ਅਤੇ ਇੱਕ ਧੀ ਸੀ। ਇਹ ਪਰਿਵਾਰ ਇਸਰਾਏਲ ਦੀ ਕੌਮ ਬਣ ਗਿਆ, ਪਰ ਇਸ ਨੇ ਕਦੇ ਵੀ ਆਪਣੇ ਕਬੀਲੇ ਦੇ ਮੁੱਢ ਨੂੰ ਨਹੀਂ ਵਿਸਾਰਿਆ। ਇਸ ਨੇ ਹਮੇਸ਼ਾ ਹੀ ਆਪਣੇ ਆਪ ਨੂੰ ਇਸਰਾਏਲ ਦੇ ਬਾਰ੍ਹਾਂ ਕਬੀਲਿਆਂ (ਜਾਂ ਪਰਿਵਾਰ ਸਮੂਹਾਂ) ਯਾਕੂਬ ਦੇ ਬਾਰ੍ਹਾਂ ਪੁੱਤਰਾਂ; ਰਿਊਬੇਨ, ਸਿਮਓਨ, ਯਹੂਦਾਹ, ਦਾਨ, ਗਾਦ, ਆਸ਼ੇਰ, ਨਫ਼ਤਾਲੀ, ਇਫਰਾਈਮ, ਮਨੱਸ਼ਹ ਅਤੇ ਬਿਨਯਾਮੀਨ ਦੀ ਸੰਤਾਨ ਆਖਿਆ ਜਾਂਦਾ। ਤਿੰਨ  ਪ੍ਰਮੁੱਖ ਪੁਰਖਿਆਂ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ ਇਸਰਾਏਲ ਦੇ "ਪਿਤਾਮੇ" ਆਖਿਆ ਜਾਂਦਾ ਹੈ।

ਅਬਰਾਹਾਮ ਇੱਕ ਹੋਰ ਤਰ੍ਹਾਂ ਦਾ "ਪਿਤਾ" ਵੀ ਸੀ। ਪੁਰਾਤਨ ਇਸਰਾਏਲ ਵਿੱਚ ਕਈ ਵਾਰੀ ਪਰਮੇਸ਼ੁਰ ਨੇ ਕੁੱਝ ਲੋਕਾਂ ਨੂੰ ਆਪਣੇ ਵੱਲੋਂ ਬੋਲਣ ਲਈ ਸੱਦਿਆ। ਇਹ ਖਾਸ ਬੰਦੇ, ਜਾਂ ਨਬੀ, ਪਰਮੇਸ਼ੁਰ ਦੇ ਬਾਕੀ ਲੋਕਾਂ ਲਈ ਉਸਦੇ ਪ੍ਰਤਿਨਿਧੀ ਸਨ। ਇਨ੍ਹਾਂ ਨਬੀਆਂ ਰਾਹੀਂ ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਨੂੰ ਕਰਾਰ, ਚਿਤਾਵਨੀਆਂ, ਨੇਮ, ਉਪਦੇਸ਼, ਬੀਤੇ ਅਨੁਭਵਾਂ ਉੱਤੇ ਆਧਾਰਿਤ ਸਬਕ ਅਤੇ ਆਉਣ ਵਾਲੀਆਂ ਘਟਨਾਵਾਂ ਬਾਰੇ ਸਬਕ ਦਿੱਤੇ। ਅਬਰਾਹਾਮ "ਇਬਰਾਨੀ" ਪਵਿੱਤਰ ਪੋਥੀਆਂ ਵਿੱਚ ਵਰਣਿਤ ਪਹਿਲਾ ਨਬੀ ਹੈ।

## ਇਸਰਾਏਲ ਦੀ ਗੁਲਾਮੀ ਤੋਂ ਮੁਕਤੀ

ਯਾਕੂਬ (ਇਸਰਾਏਲ) ਦਾ ਪਰਿਵਾਰ ਵਧ ਫੁੱਲ ਕੇ ਵੱਡਾ ਹੋ ਗਿਆ ਜਿਸ ਵਿੱਚ ਉਸਦੇ ਤਕਰੀਬਨ 70 ਸਿੱਧੇ ਉੱਤਰਾਧਿਕਾਰੀ ਸ਼ਾਮਿਲ ਸਨ। ਉਸਦਾ ਇੱਕ ਪੁੱਤਰ, ਯੂਸੁਫ਼, ਮਿਸਰ ਦਾ ਇੱਕ ਉੱਚ ਅਧਿਕਾਰੀ ਬਣ ਗਿਆ। ਸਮਾਂ ਬਹੁਤ ਮੁਸ਼ਕਿਲਾਂ ਭਰਿਆ ਸੀ, ਇਸ ਲਈ ਯਾਕੂਬ ਅਤੇ ਉਸਦਾ ਪਰਿਵਾਰ ਮਿਸਰ ਵਿੱਚ ਆ ਗਏ ਜਿੱਥੇ ਖਾਣ ਪੀਣ ਦੀ ਕੋਈ ਕਮੀ ਨਹੀਂ ਸੀ ਅਤੇ ਜੀਵਨ ਸੁਖਾਲਾ ਸੀ। ਇਹ ਇਬਰਾਨੀ ਕਬੀਲਾ ਇੱਕ ਛੋਟੀ ਜਿਹੀ ਕੌਮ ਬਣ ਗਿਆ ਅਤੇ (ਮਿਸਰ ਦੇ ਰਾਜੇ) ਫ਼ਿਰਊਨ ਨੇ ਇਨ੍ਹਾਂ ਲੋਕਾਂ ਨੂੰ ਆਪਣਾ ਗੁਲਾਮ ਬਣਾ ਲਿਆ। ਕੂਚ ਦੀ ਪੁਸਤਕ ਇਹ ਦੱਸਦੀ ਹੈ ਕਿ ਆਖਿਰਕਾਰ ਕਿਵੇਂ ਪਰਮੇਸ਼ੁਰ ਨੇ 400 ਸਾਲਾਂ ਬਾਅਦ ਨਬੀ ਮੂਸਾ ਰਾਹੀਂ ਇਸਰਾਏਲ ਦੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਉਨ੍ਹਾਂ ਨੂੰ ਫਲਸਤੀਨ ਵਿੱਚ ਵਾਪਸ ਲਿਆਂਦਾ। ਆਜ਼ਾਦੀ ਦੀ ਕੀਮਤ ਬਹੁਤ ਵੱਡੀ ਸੀ; ਪਰ ਇਹ ਕੀਮਤ ਮਿਸਰ ਵਾਲਿਆਂ ਨੂੰ ਅਦਾ ਕਰਨੀ ਪਈ। ਫ਼ਿਰਊਨ ਅਤੇ ਮਿਸਰ ਦੇ ਸਮੂਹ ਪਰਿਵਾਰਾਂ ਨੂੰ ਉਨ੍ਹਾਂ ਚਿਰ ਤੀਕ ਆਪਣੇ ਪਲੌਠੇ ਪੁੱਤਰਾਂ ਨੂੰ ਗੁਆਉਣਾ ਪਿਆ ਜਦੋਂ ਤੀਕ ਕਿ ਫ਼ਿਰਊਨ ਨੇ ਇਨ੍ਹਾਂ ਲੋਕਾਂ ਨੂੰ ਆਜ਼ਾਦ ਨਹੀਂ ਕਰ ਦਿੱਤਾ। ਉਨ੍ਹਾਂ ਦੇ ਪਲੌਠੇ ਪੁੱਤਰਾਂ ਨੂੰ ਇਸ ਲਈ ਮਰਨਾ ਪਿਆ ਤਾਂ ਜੋ ਇਹ ਲੋਕ ਆਜ਼ਾਦ ਹੋ ਸਕਣ ਅਤੇ ਇਸਰਾਏਲ ਦੇ ਲੋਕਾਂ ਨੇ ਬਾਅਦ ਵਿੱਚ ਇਸ ਗੱਲ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਆਪਣੀ ਉਪਾਸਨਾ ਅਤੇ ਆਪਣੀਆਂ ਬਲੀਆਂ ਵਿੱਚ ਚੇਤੇ ਕੀਤਾ।

ਇਸਰਾਏਲ ਦੇ ਲੋਕ ਆਪਣੀ ਆਜ਼ਾਦੀ ਦੇ ਸਫਰ ਉੱਤੇ ਜਾਣ ਲਈ ਤਿਆਰ ਸਨ। ਉਨ੍ਹਾਂ ਨੇ ਮਿਸਰ ਵਿੱਚੋਂ ਨਿਕਲ ਜਾਣ ਲਈ ਤਿਆਰੀ ਕਰ ਲਈ ਸੀ। ਹਰੇਕ ਪਰਿਵਾਰ ਨੇ ਇੱਕ-ਇੱਕ ਲੇਲਾ ਮਾਰਿਆ ਅਤੇ ਭੁੰਨ੍ਹਿਆ। ਉਨ੍ਹਾਂ ਨੇ ਲੇਲੇ ਦੇ ਲਹੂ ਦਾ ਨਿਸ਼ਾਨ ਪਰਮੇਸ਼ੁਰ ਲਈ ਖਾਸ ਸੰਕੇਤ ਵਜੋਂ ਆਪਣੇ ਦਰਵਾਜਿਆਂ ਉੱਤੇ ਲਾ ਦਿੱਤਾ। ਉਨ੍ਹਾਂ ਨੇ ਛੇਤੀ ਛੇਤੀ ਬਿਨਾ ਖਮੀਰ ਵਾਲੀ ਰੋਟੀ ਪਕਾਈ ਅਤੇ ਨਾਸ਼ਤਾ ਕੀਤਾ। ਉਸ ਰਾਤ ਪਰਮੇਸ਼ੁਰ ਦਾ ਫਰਿਸ਼ਤਾ ਧਰਤੀ ਤੋਂ ਹੋਕੇ ਲੰਘਿਆ। ਜਿਸ ਦਰਵਾਜ਼ੇ ਉੱਤੇ ਲੇਲੇ ਦੇ ਲਹੂ ਦਾ ਨਿਸ਼ਾਨ ਨਹੀਂ ਸੀ ਉਸ ਪਰਿਵਾਰ ਦਾ ਪਲੌਠਾ ਪੁੱਤਰ ਮਰ ਗਿਆ। ਇਸਰਾਏਲ ਦੇ ਲੋਕ ਆਜ਼ਾਦ ਹੋ ਗਏ। ਪਰ ਜਿਵੇਂ ਹੀ ਇਹ ਗੁਲਾਮ ਇਸਰਾਏਲ ਵਿੱਚੋਂ ਤੁਰਨ ਲੱਗੇ, ਫ਼ਿਰਊਨ ਨੇ ਆਪਣਾ ਇਰਾਦਾ ਬਦਲ ਲਿਆ। ਉਸਨੇ ਇਸਰਾਏਲੀ ਗੁਲਾਮਾਂ ਨੂੰ ਫੜਨ ਅਤੇ ਵਾਪਸ ਲਿਆਉਣ ਲਈ ਫ਼ੌਜ ਭੇਜੀ, ਪਰ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਬਚਾ ਲਿਆ। ਪਰਮੇਸ਼ੁਰ ਨੇ ਲਾਲ ਸਾਗਰ ਵਿੱਚ ਪਾੜ ਪਾ ਦਿੱਤਾ ਅਤੇ ਆਪਣੇ ਲੋਕਾਂ ਨੂੰ ਲੰਘਾ ਕੇ ਆਜ਼ਾਦੀ ਨਾਲ ਦੂਸਰੇ ਪਾਸੇ ਲਿਆਂਦਾ, ਅਤੇ ਮਿਸਰ ਦੀ ਪਿੱਛਾ ਕਰ ਰਹੀ ਫ਼ੌਜ ਨੂੰ ਤਬਾਹ ਕਰ ਦਿੱਤਾ। ਫੇਰ, ਅਰਬ ਦੇ ਕਿਸੇ ਪ੍ਰਾਇਦੀਪ ਉੱਤੇ, ਸਿਨਾਈ ਉਜਾੜ ਦੇ ਪਹਾੜ ਤੇ, ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨਾਲ ਇੱਕ ਖਾਸ ਕਰਾਰ ਕੀਤਾ।

## ਮੂਸਾ ਦੀ ਸ਼ਰ੍ਹਾ

ਪਰਮੇਸ਼ੁਰ ਦੇ ਇਸਰਾਏਲ ਦੇ ਲੋਕਾਂ ਨੂੰ ਬਚਾਉਣ ਅਤੇ ਉਨ੍ਹਾਂ ਨਾਲ ਸਿਨਾਈ ਵਿਖੇ ਕੀਤੇ ਕਰਾਰ ਨੇ ਇਸ ਕੌਮ ਨੂੰ ਹੋਰ ਸਾਰੀਆਂ ਕੌਮਾਂ ਨਾਲੋਂ ਵੱਖ ਕਰ ਦਿੱਤਾ। ਇਸ ਕਰਾਰ ਵਿੱਚ ਇਸਰਾਏਲ ਦੇ ਲੋਕਾਂ ਲਈ ਵਾਅਦੇ ਅਤੇ ਨੇਮ ਸਨ। ਇਸ ਕਰਾਰ ਦਾ ਇੱਕ ਹਿੱਸਾ, ਜਿਸ

ਨੂੰ "ਦਸ ਹੁਕਮਨਾਮਿਆਂ" ਵਜੋਂ ਜਾਣਿਆ ਜਾਂਦਾ ਹੈ, ਲੋਕਾਂ ਨੂੰ ਦਿੱਤੀਆਂ ਪੱਥਰ ਦੀਆਂ ਸ਼ਿਲਾਵਾਂ ਉੱਤੇ ਪਰਮੇਸ਼ੁਰ ਵੱਲੋਂ ਲਿਖਿਆ ਗਿਆ ਸੀ। ਇਨ੍ਹਾਂ ਹੁਕਮਨਾਮਿਆਂ ਵਿੱਚ ਉਸ ਤਰ੍ਹਾਂ ਦੇ ਜੀਵਨ ਦੇ ਅਸੂਲ ਹਨ ਜਿਸ ਤਰ੍ਹਾਂ ਦੇ ਜੀਵਨ ਦੀ ਆਸ ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਪਾਸੋਂ ਰੱਖੀ ਸੀ। ਉਹ ਇੱਕ ਇਸਰਾਏਲੀ ਦੇ ਪਰਮੇਸ਼ੁਰ, ਉਸ ਦੇ ਪਰਿਵਾਰ ਅਤੇ ਉਸ ਦੇ ਜੀਵਨ ਵਿੱਚ ਹੋਰਨਾਂ ਲੋਕਾਂ ਦੇ ਫ਼ਰਜ਼ ਨੂੰ ਢਕ ਲੈਂਦੇ ਹਨ।

“ਦਸ ਹੁਕਮਨਾਮੇ” ਅਤੇ ਬਾਕੀ ਦੇ ਨੇਮਾਂ ਅਤੇ ਪਰਬਤ ਸਿਨਾਈ ਤੇ ਦਿੱਤੇ ਉਪਦੇਸ਼ਾਂ ਨੂੰ ਮੂਸਾ ਦੀ ਸ਼ਰ੍ਹਾ ਜਾਂ ਸਿਰਫ “ਸ਼ਰ੍ਹਾ” ਵਜੋਂ ਜਾਣਿਆ ਗਿਆ। ਅਨੇਕਾਂ ਵਾਰ ਇਨ੍ਹਾਂ ਸ਼ਬਦਾਂ ਦੀ ਵਰਤੋਂ ਪਵਿੱਤਰ ਪੋਥੀਆਂ ਦੀਆਂ ਪਹਿਲੀਆਂ ਪੰਜ ਪੁਸਤਕਾਂ, ਅਤੇ ਕਈ ਵਾਰੀ ਪੂਰੇ ਪੁਰਾਣੇ ਨੇਮ, ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ।
“ਦਸ ਹੁਕਮਨਾਮੇ” ਅਤੇ ਵਰਤੋਂ ਵਿਹਾਰ ਦੇ ਹੋਰਨਾਂ ਅਸੂਲਾਂ ਤੋਂ ਇਲਾਵਾ ਮੂਸਾ ਦੀ ਸ਼ਰ੍ਹਾ ਵਿੱਚ ਜਾਜਕਾਂ, ਬਲੀਆਂ, ਉਪਾਸਨਾ ਅਤੇ ਪਵਿੱਤਰ ਦਿਹਾੜਿਆਂ ਬਾਰੇ ਵੀ ਨੇਮ ਸ਼ਾਮਿਲ ਹਨ। ਇਹ ਨੇਮ ਲੇਵੀਆਂ ਦੀ ਪੁਸਤਕ ਵਿੱਚ ਮਿਲਦੇ ਹਨ। ਮੂਸਾ ਦੀ ਸ਼ਰ੍ਹਾ ਦੇ ਮੁਤਾਬਿਕ ਸਮੂਹ ਜਾਜਕ ਅਤੇ ਉਨ੍ਹਾਂ ਦੇ ਸਹਾਇਕ ਲੇਵੀ ਦੇ ਕਬੀਲੇ ਵਿੱਚੋਂ ਆਉਂਦੇ ਸਨ। ਇਨ੍ਹਾਂ ਸਹਾਇਕਾਂ ਨੂੰ ਲੇਵੀ ਆਖਿਆ ਜਾਂਦਾ ਸੀ। ਸਭ ਤੋਂ ਮਹੱਤਵਪੂਰਣ ਜਾਜਕ ਨੂੰ ਸਰਦਾਰ ਜਾਜਕ ਆਖਿਆ ਜਾਂਦਾ ਸੀ।

ਇਸ ਸ਼ਰ੍ਹਾ ਵਿੱਚ ਪਵਿੱਤਰ ਤੰਬੂ (ਟੇਬਰਨੇਕਲ) ਜਾਂ ਸਭਾ ਵਾਲਾ ਤੰਬੂ ਉਸਾਰਨ ਦੀਆਂ ਹਿਦਾਇਤਾਂ ਸ਼ਾਮਿਲ ਹਨ, ਜਿੱਥੇ ਇਸਰਾਏਲ ਦੇ ਲੋਕ ਪਰਮੇਸ਼ੁਰ ਦੀ ਉਪਾਸਨਾ ਲਈ ਜਾਂਦੇ ਸਨ। ਇਸ ਵਿੱਚ ਉਨ੍ਹਾਂ ਦੀ ਉਪਾਸਨਾ ਲਈ ਵਰਤੀਆਂ ਜਾਣ ਵਾਲੀਆਂ ਸਮੂਹ ਵਸਤਾਂ ਬਨਾਉਣ ਦੀਆਂ ਹਿਦਾਇਤਾਂ ਵੀ ਸ਼ਾਮਿਲ ਹਨ। ਇਸ ਨੇ ਇਸਰਾਏਲੀਆਂ ਨੂੰ ਆਪਣਾ ਮੰਦਰ, ਯਰੂਸ਼ਲਮ ਵਿੱਚ ਸੀਯੋਨ ਪਰਬਤ ਉਤਲੀ ਪਵਿੱਤਰ ਇਮਾਰਤ ਉਸਾਰਨ ਲਈ ਤਿਆਰ ਕੀਤਾ, ਜਿੱਥੇ ਲੋਕਾਂ ਨੇ ਪਰਮੇਸ਼ੁਰ ਦੀ ਉਪਾਸਨਾ ਲਈ ਬਾਅਦ ਵਿੱਚ ਜਾਣਾ ਸੀ। ਬਲੀਆਂ ਅਤੇ ਉਪਾਸਨਾ ਬਾਰੇ ਨੇਮਾਂ ਨੇ ਲੋਕਾਂ ਨੂੰ ਇਹ ਦੇਖਣ ਲਈ ਮਜਬੂਰ ਕਰ ਦਿੱਤਾ ਕਿ ਉਹ ਇੱਕ ਦੂਸਰੇ ਅਤੇ ਪਰਮੇਸ਼ੁਰ ਦੇ ਵਿਰੁੱਧ ਗੁਨਾਹ ਕਰ ਰਹੇ ਸਨ। ਪਰ ਇਨ੍ਹਾਂ ਨੇਮਾਂ ਨੇ ਲੋਕਾਂ ਨੂੰ ਮਾਫ਼ੀ, ਇੱਕ ਦੂਸਰੇ ਨਾਲ ਅਤੇ ਪਰਮੇਸ਼ੁਰ ਨਾਲ ਪੁਨਰ-ਮਿਲਾਪ ਦਾ ਰਾਹ ਵੀ ਦਿਖਾਇਆ। ਇਨ੍ਹਾਂ ਬਲੀਆਂ ਨੇ ਉਸ ਬਲੀ ਨੂੰ ਬਿਹਤਰ ਢੰਗ ਨਾਲ ਸਮਝਣ ਦਾ ਰਾਹ ਵੀ ਦਰਸ਼ਾਇਆ ਜਿਹੜਾ ਪਰਮੇਸ਼ੁਰ ਦੁਨੀਆਂ ਦੇ ਸਮੂਹ ਲੋਕਾਂ ਨੂੰ ਦਿਖਾਉਣ ਲਈ ਤਿਆਰ ਕਰ ਰਿਹਾ ਸੀ।

ਇਸ ਸ਼ਰ੍ਹਾ ਵਿੱਚ ਕਈ ਪਵਿੱਤਰ ਦਿਹਾੜਿਆਂ ਅਤੇ ਉਤਸਵਾਂ ਨੂੰ ਮਨਾਉਣ ਦੀਆਂ ਹਿਦਾਇਤਾਂ ਵੀ ਸ਼ਾਮਿਲ ਸਨ। ਹਰ ਉਤਸਵ ਦਾ ਆਪਣਾ ਖਾਸ ਸਮਾਂ ਸੀ। ਕੁਝ ਉਤਸਵ ਸਾਲ ਦੇ ਖਾਸ ਸਮਿਆਂ ਨੂੰ ਮਨਾਉਣ ਦੇ ਖੁਸ਼ੀ ਭਰੇ ਮੌਕੇ ਸਨ, ਜਿਵੇਂ ਕਿ ਪਹਿਲੇ ਫ਼ਲਾਂ ਦੀ ਵਾਢੀ ਦੇ ਉਤਸਵ, ਸ਼ਾਬੂਓਥ (ਪੰਤੇਕੁਸਤ ਜਾਂ ਹਫ਼ਤਿਆਂ ਦੇ ਉਤਸਵ) ਅਤੇ ਸੁਕੋਥ (ਆਸਰਿਆਂ ਦਾ ਉਤਸਵ)

ਕੁਝ ਉਤਸਵ ਉਨ੍ਹਾਂ ਚਮਤਕਾਰਾਂ ਨੂੰ ਚੇਤੇ ਕਰਨ ਲਈ ਸਨ ਜਿਹੜੇ ਪਰਮੇਸ਼ੁਰ ਨੇ ਆਪਣੇ ਲੋਕਾਂ ਲਈ ਕੀਤੇ ਸਨ। ਪਸਾਹ ਇੱਕ ਅਜਿਹਾ ਹੀ ਤਿਓਹਾਰ ਸੀ। ਹਰੇਕ ਪਰਿਵਾਰਨੇ ਮਿਸਰ ਵਿੱਚੋਂ ਨਿਕਲਣ ਦੀ ਘਟਨਾ ਨੂੰ ਮੁੜ ਕੇ ਜਿਉਂਦਾ। ਲੋਕ ਪਰਮੇਸ਼ੁਰ ਦੀ ਉਸਤਤਿ ਦੇ ਗੀਤ ਗਾਏ। ਲੇਲਾ ਜਿਬਾਹ ਕੀਤਾ ਗਿਆ ਅਤੇ ਭੋਜਨ ਤਿਆਰ ਕੀਤਾ ਗਿਆ। ਮੈ ਦਾ ਹਰ ਪਿਆਲਾ ਅਤੇ ਭੋਜਨ ਦੀ ਹਰ ਗਰਾਹੀ ਲੋਕਾਂ ਨੂੰ ਉਨ੍ਹਾਂ ਗੱਲਾਂ ਦਾ ਚੇਤਾ ਕਰਾਉਂਦੀਆਂ ਸੀ ਜਿਹੜੀਆਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਦੁੱਖ ਅਤੇ ਉਦਾਸੀ ਦੇ ਜੀਵਨ ਤੋਂ ਬਚਾਉਣ ਲਈ ਕੀਤੀਆਂ ਸਨ।

ਦੂਸਰੇ ਉਤਸਵ ਬਹੁਤ ਗੰਭੀਰ ਸਨ। ਹਰ ਸਾਲ ਪਸ਼ਚਾਤਾਪ ਵਾਲੇ ਦਿਨ, ਲੋਕਾਂ ਨੂੰ ਉਨ੍ਹਾਂ ਅਨੇਕਾਂ ਮੰਦੀਆਂ ਗੱਲਾਂ ਦਾ ਚੇਤਾ ਕਰਾਇਆ ਜਾਂਦਾ ਸੀ ਜਿਹੜੀਆਂ ਉਨ੍ਹਾਂ ਨੇ ਹੋਰਨਾਂ ਨਾਲ ਅਤੇ ਪਰਮੇਸ਼ੁਰ ਨਾਲ ਕੀਤੀਆਂ ਸਨ। ਇਹ ਉਦਾਸੀ ਦਾ ਦਿਹਾੜਾ ਸੀ ਅਤੇ ਲੋਕ ਭੋਜਨ ਨਹੀਂ ਕਰਦੇ ਸਨ। ਪਰ ਉਸ ਦਿਨ ਸਰਦਾਰ ਜਾਜਕ ਉਨ੍ਹਾਂ ਦੇ ਗੁਨਾਹਾਂ ਦਾ ਕਫਾਰਾ ਕਰਨ ਲਈ ਜਾਂ ਉਨ੍ਹਾਂ ਨੂੰ ਕੱਜਨ ਲਈ ਖਾਸ ਬਲੀਆਂ ਚੜ੍ਹਾਉਂਦਾ ਸੀ।

ਪੁਰਾਣੇ ਨੇਮ ਦੇ ਲੇਖਕਾਂ ਲਈ ਪਰਮੇਸ਼ੁਰ ਅਤੇ ਇਸਰਾਏਲ ਵਿਚਕਾਰ ਕਰਾਰ ਬਹੁਤ ਮਹੱਤਵਪੂਰਣ ਸੀ। ਨਬੀ ਅਤੇ ਪਵਿੱਤਰ ਲਿਖਤਾਂ ਦੀਆਂ ਤਕਰੀਬਨ ਸਾਰੀਆਂ ਪੁਸਤਕਾਂ ਇਸ ਤੱਥ ਉੱਤੇ ਆਧਾਰਿਤ ਹਨ ਕਿ ਇਸਰਾਏਲ ਦੀ ਕੌਮ, ਤੇ ਇਸਰਾਏਲ ਦੇ ਹਰ ਨਾਗਰਿਕ ਨੇ ਆਪਣੇ ਪਰਮੇਸ਼ੁਰ ਨਾਲ ਬਹੁਤ ਖਾਸ ਕਰਾਰ ਕੀਤਾ ਸੀ। ਉਨ੍ਹਾਂ ਨੇ ਇਸਨੂੰ “ਪ੍ਰਭੂ ਦਾ ਕਰਾਰ” ਜਾਂ ਸਿਰਫ “ਕਰਾਰ” ਆਖਿਆ। ਉਨ੍ਹਾਂ ਦੀਆਂ ਇਤਹਾਸ ਦੀਆਂ ਪੁਸਤਕਾਂ ਇਨ੍ਹਾਂ ਘਟਨਾਵਾਂ ਨੂੰ ਕਰਾਰ ਦੀ ਰੌਸ਼ਨੀ ਵਿੱਚ ਪਰਖਦੀਆਂ ਹਨ; ਜੋ ਕੋਈ ਵਿਅਕਤੀ ਜਾਂ ਕੌਮ ਪਰਮੇਸ਼ੁਰ ਅਤੇ ਕਰਾਰ ਨਾਲ ਵਫ਼ਾਦਾਰ ਰਿਹਾ ਸੀ।

ਤਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸ ਦਾ ਫ਼ਲ ਦਿੱਤਾ। ਜੋ ਲੋਕਾਂ ਨੇ ਕਰਾਰ ਤੋੜਿਆ ਸੀ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ। ਪਰਮੇਸ਼ੁਰ ਨੇ ਲੋਕਾਂ ਨੂੰ ਪਰਮੇਸ਼ੁਰ ਨਾਲ ਕੀਤੇ ਕਰਾਰ ਦਾ ਚੇਤਾ ਕਰਾਉਣ ਲਈ ਆਪਣੇ ਨਬੀਆਂ ਨੂੰ ਭੇਜਿਆ। ਇਸਰਾਏਲ ਦੇ ਕਵੀਆਂ ਨੇ ਪਰਮੇਸ਼ੁਰ ਵੱਲੋਂ ਆਪਣੇ ਆਗਿਆਕਾਰੀ ਲੋਕਾਂ ਲਈ ਕੀਤੀਆਂ ਅਦਭੁੱਤ ਗੱਲਾਂ ਦੇ ਗੀਤ ਗਾਏ, ਅਤੇ ਉਨ੍ਹਾਂ ਨੇ ਉਸ ਦੁੱਖ ਅਤੇ ਸਜ਼ਾ ਲਈ ਵਿਰਲਾਪ ਕੀਤਾ, ਜਿਹੜੀ ਉਨ੍ਹਾਂ ਲੋਕਾਂ ਨੂੰ ਮਿਲੀ, ਜਿਨ੍ਹਾਂ ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਨ ਨਹੀਂ ਕੀਤਾ। ਇਨ੍ਹਾਂ ਲੇਖਕਾਂ ਨੇ ਸਹੀ ਅਤੇ ਗਲਤ ਦੇ ਆਪਣੇ ਸੰਕਲਪਾਂ ਨੂੰ ਕਰਾਰ ਦੇ ਉਪਦੇਸ਼ ਤੇ ਆਧਾਰਿਤ ਕੀਤਾ ਅਤੇ ਮਸੂਮ ਲੋਕਾਂ ਨੂੰ ਦੁੱਖ ਮਿਲਿਆ ਤਾਂ ਕਵੀਆਂ ਨੇ ਇਸ ਦਾ ਕਾਰਨ ਜਾਨਣ ਲਈ ਸੰਘਰਸ਼ ਕੀਤਾ।

## ਇਸਰਾਏਲ ਦਾ ਰਾਜ

ਪੁਰਾਤਨ ਇਸਰਾਏਲ ਦੀ ਕਹਾਣੀ ਲੋਕਾਂ ਦੇ ਪਰਮੇਸ਼ੁਰ ਨੂੰ ਤਿਆਗਣ, ਪਰਮੇਸ਼ੁਰ ਦੇ ਲੋਕਾਂ ਨੂੰ ਬਚਾਉਣ, ਲੋਕਾਂ ਦੇ ਪਰਮੇਸ਼ੁਰ ਵੱਲ ਵਾਪਸ ਪਰਤਨ ਅਤੇ ਮੁੜ ਕੇ ਪਰਮੇਸ਼ੁਰ ਨੂੰ ਤਿਆਗਣ ਦੀ ਕਹਾਣੀ ਹੈ। ਇਹ ਚੱਕਰ ਉਸ ਤੋਂ ਫੌਰਨ ਬਾਅਦ ਸ਼ੁਰੂ ਹੋ ਗਿਆ ਸੀ ਜਦੋਂ ਲੋਕਾਂ ਨੇ ਪਰਮੇਸ਼ੁਰ ਨਾਲ ਕਰਾਰ ਨੂੰ ਪ੍ਰਵਾਨ ਕਰ ਲਿਆ ਸੀ, ਅਤੇ ਇਸ ਨੂੰ ਬਾਰ-ਬਾਰ ਦੁਹਰਾਇਆ ਗਿਆ। ਸਿਨਾਈ ਪਰਬਤ ਉੱਤੇ ਇਸਰਾਏਲ ਦੇ ਲੋਕ ਪਰਮੇਸ਼ੁਰ ਦੇ ਅਨੁਯਾਯੀ ਹੋਣ ਲਈ ਮੰਨ ਗਏ, ਅਤੇ ਫੇਰ ਉਨ੍ਹਾਂ ਨੇ ਬਗਾਵਤ ਕਰ ਦਿੱਤੀ ਅਤੇ ਉਨ੍ਹਾਂ ਨੂੰ 40 ਸਾਲ ਮਾਰੂਥਲ ਵਿੱਚ ਭਟਕਨਾ ਪਿਆ। ਆਖਿਰਕਾਰ, ਮੂਸਾ ਦੇ ਸਹਾਇਕ ਯਹੋਸ਼ੁਆ ਨੇ ਲੋਕਾਂ ਦੀ ਅਗਵਾਈ ਕਰਾਰ ਵਾਲੀ ਧਰਤੀ ਵੱਲ ਕੀਤੀ। ਇੱਥੋਂ ਮੁੱਢਲੀ ਜਿੱਤ ਸ਼ੁਰੂ ਹੋਈ ਅਤੇ ਇਸਰਾਏਲ ਦੀ ਧਰਤੀ ਨੂੰ ਆਂਸ਼ਿਕ ਤੌਰ ਤੇ ਬਸਾਇਆ ਗਿਆ। ਇਸ ਜਿੱਤ ਤੋਂ ਬਾਅਦ ਪਹਿਲੀਆਂ ਕੁਝ ਸਦੀਆਂ ਤੱਕ, ਉਸ ਦੇ ਲੋਕਾਂ ਉੱਤੇ ਸਥਾਨਕ ਆਗੂਆਂ ਦੀ ਹਕੂਮਤ ਰਹੀ, ਜਿਨ੍ਹਾਂ ਨੂੰ ਨਿਆਂਕਾਰ ਆਖਿਆ ਜਾਂਦਾ ਸੀ।

ਆਖਿਰਕਾਰ, ਲੋਕਾਂ ਨੂੰ ਰਾਜੇ ਦੀ ਲੋੜ ਮਹਿਸੂਸ ਹੋਈ। ਪਹਿਲਾ ਰਾਜਾ ਸੌਲੁਸ ਸੀ। ਸੌਲੁਸ ਨੇ ਪਰਮੇਸ਼ੁਰ ਦਾ ਹੁਕਮ ਨਹੀਂ ਮੰਨਿਆ ਇਸ ਲਈ ਪਰਮੇਸ਼ੁਰ ਨੇ ਦਾਊਦ ਨਾਂ ਦੇ ਇੱਕ ਆਜੜੀ ਨੂੰ ਨਵੇਂ ਰਾਜੇ ਵਜੋਂ ਚੁਣਿਆ। ਨਬੀ ਸਮੂਏਲ ਨੇ ਆਕੇ ਉਸ ਦੇ ਮੱਥੇ ਉੱਤੇ ਪਵਿੱਤਰ ਤੇਲ ਮਸਹ ਕੀਤਾ ਅਤੇ ਉਸ ਨੂੰ ਇਸਰਾਏਲ ਦਾ ਰਾਜਾ ਥਾਪਿਆ। ਪਰਮੇਸ਼ੁਰ ਨੇ ਦਾਊਦ ਨਾਲ ਵਾਅਦਾ ਕੀਤਾ ਕਿ ਇਸਰਾਏਲ ਦੇ ਭਵਿੱਖ ਵਿੱਚ ਹੋਣ ਵਾਲੇ ਰਾਜੇ, ਯਹੂਦਾਹ ਦੇ ਕਬੀਲੇ ਵਿੱਚੋਂ, ਉਸ ਦੀਆਂ ਉਲਾਦਾਂ ਹੀ ਹੋਣਗੀਆਂ। ਦਾਊਦ ਨੇ ਯਰੂਸ਼ਲਮ ਦੇ ਸ਼ਹਿਰ ਨੂੰ ਜਿੱਤ ਲਿਆ ਅਤੇ ਇਸਨੂੰ ਆਪਣੀ ਰਾਜਧਾਨੀ ਅਤੇ ਮੰਦਰ ਦਾ ਭਵਿੱਖ ਮੁਖੀ ਟਿਕਾਣਾ ਬਣਾਇਆ। ਉਸਨੇ ਮੰਦਰ ਦੀ ਉਪਾਸਨਾ ਲਈ ਜਾਜਕਾਂ, ਨਬੀਆਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਗਾਇਕਾਂ ਦਾ ਆਯੋਜਨ ਕੀਤਾ। ਦਾਊਦ ਨੇ ਖੁਦ ਵੀ ਬਹੁਤ ਸਾਰੇ ਗੀਤ (ਭਜਨ) ਲਿਖੇ; ਪਰੰਤੂ ਪਰਮੇਸ਼ੁਰ ਨੇ ਉਸ ਨੂੰ ਮੰਦਰ ਉਸਾਰਨ ਦੀ ਆਗਿਆ ਨਹੀਂ ਦਿੱਤੀ।

ਜਦੋਂ ਦਾਊਦ ਬੁੱਢਾ ਹੋ ਗਿਆ ਅਤੇ ਮਰਨ ਕੰਢੇ ਪਹੁੰਚ ਗਿਆ, ਤਾਂ ਉਸਨੇ ਆਪਣੇ ਪੁੱਤਰ ਸੁਲੇਮਾਨ ਨੂੰ ਇਸਰਾਏਲ ਦਾ ਰਾਜਾ ਥਾਪ ਦਿੱਤਾ। ਦਾਊਦ ਨੇ ਆਪਣੇ ਪੁੱਤਰ ਨੂੰ ਚਿਤਾਵਨੀਦਿੱਤੀ ਕਿ ਉਹ ਹਮੇਸ਼ਾ ਪਰਮੇਸ਼ੁਰ ਦਾ ਅਨੁਯਾਈ ਰਹੇ ਅਤੇ ਕਰਾਰ ਦੀ ਪਾਲਨਾ ਕਰੇ। ਰਾਜੇ ਦੇ ਤੌਰ ਤੇ ਸੁਲੇਮਾਨ ਨੇ ਮੰਦਰ ਦੀ ਉਸਾਰੀ ਕੀਤੀ ਅਤੇ ਇਸਰਾਏਲ ਦੀਆਂ ਹੱਦਾਂ ਦਾ ਵਿਸਤਾਰ ਕੀਤਾ। ਇਸ ਸਮੇਂ ਇਸਰਾਏਲ ਆਪਣੇ ਗੌਰਵ ਦੇ ਸਿਖਰ ਉੱਤੇ ਸੀ। ਸੁਲੇਮਾਨ ਮਸ਼ਹੂਰ ਹੋ ਗਿਆ। ਇਸਰਾਏਲ ਮਜ਼ਬੂਤ ਹੋ ਗਿਆ।

## ਯਹੂਦਾਹ ਅਤੇ ਇਸਰਾਏਲ — ਵੰਡਿਆ ਹੋਇਆ ਰਾਜ

ਸੁਲੇਮਾਨ ਦੀ ਮੌਤ ਦੇ ਸਮੇਂ ਗ੍ਰਹਿ ਯੁੱਧ ਛਿੜ ਪਿਆ ਅਤੇ ਕੌਮ ਵੰਡੀ ਗਈ। ਉੱਤਰ ਦੇ ਦਸ ਕਬੀਲਿਆਂ ਨੇ ਆਪਣੇ ਆਪ ਨੂੰ ਇਸਰਾਏਲ ਆਖਿਆ। ਦੱਖਣੀ ਕਬੀਲਿਆਂ ਨੇ ਆਪਣੇ ਆਪ ਨੂੰ ਯਹੂਦਾਹ ਆਖਿਆ। (ਅਜੋਕਾ “ਯਹੂਦੀ” ਸ਼ਬਦ ਇਸੇ ਨਾਮ ਤੋਂ ਨਿਕਲਿਆ ਹੈ।) ਯਹੂਦਾਹ ਕਰਾਰ ਪ੍ਰਤਿ ਵਫਾਦਾਰ ਰਿਹਾ, ਅਤੇ ਦਾਊਦ ਦੇ ਖਾਨਦਾਨ (ਰਾਜਿਆਂ ਦੇ ਪਰਿਵਾਰ) ਨੇ ਉਦੋਂ ਤੀਕ ਯਰੂਸ਼ਲਮ ਵਿੱਚ ਰਾਜ ਕੀਤਾ ਜਦੋਂ ਤੱਕ ਕਿ ਯਹੂਦਾਹ ਉੱਤੇ ਬੇਬੀਲੋਨੀਆ ਨੇ ਜਿੱਤ ਪ੍ਰਾਪਤ ਨਹੀਂ ਕਰ ਲਈ ਅਤੇ ਇਸਦੇ ਲੋਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਦਿੱਤਾ।

ਉੱਤਰੀ ਰਾਜ (ਇਸਰਾਏਲ) ਵਿੱਚ ਕਈ ਖਾਨਦਾਨ ਆਏ ਤੇ ਚਲੇ ਗਏ, ਕਿਉਂ ਕਿ ਲੋਕਾਂ ਨੇ ਕਰਾਰ ਦੀ ਪਾਲਨਾ ਨਹੀਂ ਕੀਤੀ। ਇਸਰਾਏਲ ਦੇ ਲੋਕਾਂ ਦੀਆਂ ਵੱਖ-ਵੱਖ ਸਮੇਂ ਉੱਤੇ ਕਈ ਰਾਜਧਾਨੀਆਂ ਬਣੀਆਂ ਜਿਨ੍ਹਾਂ ਵਿੱਚੋਂ ਆਖਰੀ ਸਾਮਰੀਆ ਸੀ। ਲੋਕਾਂ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਲਈ, ਇਸਰਾਏਲ ਦੇ ਰਾਜਿਆਂ ਨੇ ਪਰਮੇਸ਼ੁਰ ਦੀ ਉਪਾਸਨਾ ਕਰਨ ਦਾ ਢੰਗ ਬਦਲ ਦਿੱਤਾ। ਉਨ੍ਹਾਂ ਨੇ ਨਵੇਂ ਜਾਜਕ ਚੁਣੇ ਅਤੇ ਦੋ ਨਵੇਂ ਮੰਦਰ ਉਸਾਰੇ; ਇੱਕ ਦਾਨ (ਇਸਰਾਏਲ ਦੀ ਉੱਤਰੀ ਦੱਖਣੀ ਸਰਹੱਦ) ਵਿਖੇ ਅਤੇ ਦੂਸਰਾ ਬੇਥੇਲ (ਇਸਰਾਏਲ ਦੀ ਯਹੂਦਾਹ ਨਾਲ ਲਗਦੀ ਸਰਹੱਦ) ਵਿਖੇ। ਇਸਰਾਏਲ ਅਤੇ ਯਹੂਦਾਹ ਵਿਚਕਾਰ ਕਈ ਲੜਾਈਆਂ ਹੋਈਆਂ। ਗ੍ਰਹਿ ਯੁੱਧ ਅਤੇ ਮੁਸ਼ਕਿਲਾਂ ਦੇ ਇਸ ਸਮੇਂ ਦੌਰਾਨ, ਪਰਮੇਸ਼ੁਰ ਨੇ ਯਹੂਦਾਹ ਅਤੇ ਇਸਰਾਏਲ ਵਿੱਚ ਅਨੇਕਾਂ ਨਬੀ ਭੇਜੇ। ਕੁਝ ਨਬੀ ਜਾਜਕ; ਦੂਸਰੇ ਕਿਸਾਨ; ਕੁਝ ਰਾਜਿਆਂ ਦੇ ਸਲਾਹਕਾਰ; ਦੂਸਰੇ ਬਹੁਤ ਹੀ ਸਾਦਾ ਜੀਵਨ ਬਿਤਾਉਣ ਵਾਲੇ ਸਨ। ਕੁਝ ਨਬੀਆਂ ਨੇ ਆਪਣੇ

ਅਤੇ ਅਗੰਮ ਵਾਕ ਲਿਖੇ, ਹੋਰਨਾਂ ਨੇ ਨਹੀਂ ਲਿਖੀਆਂ। ਪਰ ਸਾਰੇ ਹੀ ਨਬੀ ਇਨਸਾਫ, ਨਿਰਪੱਖਤਾ ਅਤੇ ਪਰਮੇਸ਼ੁਰ ਦੀ ਸਹਾਇਤਾ ਉੱਤੇ ਨਿਰਭਰ ਕਰਨ ਦੀ ਲੋੜ ਦੀ ਸਿੱਖਿਆ ਦਿੰਦੇ ਸਨ।

ਅਨੇਕਾਂ ਨਬੀਆਂ ਨੇ ਚਿਤਾਵਨੀਦਿੱਤੀ ਕਿ ਜੇ ਉਹ ਪਰਮੇਸ਼ੁਰ ਵੱਲ ਵਾਪਸ ਨਹੀਂ ਪਰਤੇ ਤਾਂ ਉਹ ਉੱਜੜ ਜਾਣਗੇ। ਕੁਝ ਨਬੀਆਂ ਨੇ ਭਵਿੱਖਮੁਖੀ ਗੌਰਵ ਦੇ ਝਲਕਾਰੇ ਅਤੇ ਭਵਿੱਖ ਵਿੱਚ ਮਿਲਣ ਵਾਲੀਆਂ ਸਜ਼ਾਵਾਂ ਦੇ ਦਰਸ਼ਨ ਵੀ ਦੇਖੇ। ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਅਜਿਹੇ ਸਮੇਂ ਦੀ ਕਾਮਨਾ ਕੀਤੀ ਜਦੋਂ ਕੋਈ ਨਵਾਂ ਰਾਜਾ ਆਵੇਗਾ ਅਤੇ ਰਾਜ ਕਰੇਗਾ। ਕੁਝ ਇੱਕ ਨੇ ਇਸ ਨਵੇਂ ਰਾਜੇ ਨੂੰ ਦਾਊਦ ਦਾ ਉੱਤਰਾਧਿਕਾਰੀ ਦੇਖਿਆ ਜਿਹੜਾ ਪਰਮੇਸ਼ੁਰ ਦੇ ਲੋਕਾਂ ਨੂੰ ਨਵੇਂ ਸੁਨਹਿਰੀ ਯੁਗ ਵਿੱਚ ਲੈ ਜਾਵੇਗਾ। ਕੁਝ ਇੱਕ ਨੇ ਇਸ ਨਵੇਂ ਰਾਜੇ ਨੂੰ ਸਦੀਵੀ ਰਾਜ ਉੱਤੇ ਹਕੂਮਤ ਕਰਨ ਵਾਲਾ ਆਖਿਆ। ਹੋਰਨਾਂ ਨੇ ਇਸਨੂੰ ਅਜਿਹੇ ਸੇਵਾਦਾਰ ਵਜੋਂ ਦੇਖਿਆ ਜਿਹੜਾ ਆਪਣੇ ਲੋਕਾਂ ਨੂੰ ਪਰਮੇਸ਼ੁਰ ਵੱਲ ਵਾਪਸ ਲਿਆਉਣ ਲਈ ਅਨੇਕਾਂ ਕਸ਼ਟਾਂ ਨੂੰ ਝੱਲੇਗਾ। ਪਰ ਹਰੇਕ ਨੇ ਉਸਨੂੰ ਇੱਕ ਮਸੀਹ ਵਜੋਂ ਦੇਖਿਆ, ਜਿਸਨੂੰ ਪਰਮੇਸ਼ੁਰ ਨੇ ਨਵੇਂ ਯੁਗ ਦੀ ਆਮਦ ਲਈ ਚੁਣਿਆ ਸੀ।

## ਇਸਰਾਏਲ ਅਤੇ ਯਹੂਦਾਹ ਦੀ ਤਬਾਹੀ

ਇਸਰਾਏਲ ਦੇ ਲੋਕਾਂ ਨੇ ਪਰਮੇਸ਼ੁਰ ਦੀਆਂ ਚਿਤਾਵਨੀਆਂ ਨਹੀਂ ਸੁਣੀਆਂ ਇਸ ਲਈ 722/721ਈਸਾ ਪੂਰਵ ਵਿੱਚ ਸਾਮਾਰੀਆਂ ਦੀ ਅਸੀਰੀਆਂ ਦੇ ਹਮਲਾਵਰਾਂ ਹੱਥੋਂ ਹਾਰ ਹੋਈ। ਇਸਰਾਏਲ ਦੇ ਲੋਕਾਂ ਨੂੰ ਘਰਾਂ ਵਿੱਚੋਂ ਕੱਢ ਕੇ ਅਸੀਰੀਆਂ ਦੀ ਪੂਰੀ ਸਲਤਨਤ ਨੂੰ ਅੰਦਰ ਖਿੰਡਾ ਦਿੱਤਾ ਗਿਆ, ਅਤੇ ਉਹ ਯਹੂਦਾਹ ਦੇ ਆਪਣੇ ਭੈਣ ਭਰਾਵਾਂ ਵੱਲੋਂ ਸਦਾ ਲਈ ਵਿੱਛੜ ਗਏ। ਅਸੀਰੀਆਂ ਦੇ ਲੋਕ ਫਿਰ ਇਸਰਾਏਲ ਦੀ ਧਰਤੀ ਉੱਤੇ ਵਸਾਉਣ ਲਈ ਵਿਦੇਸ਼ੀਆਂ ਨੂੰ ਲੈ ਆਏ। ਇਨ੍ਹਾਂ ਲੋਕਾਂ ਨੂੰ ਯਹੂਦਾਹ ਅਤੇ ਇਸਰਾਏਲ ਦੇ ਧਰਮ ਦੀ ਸਿੱਖਿਆ ਦਿੱਤੀ ਗਈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਕਰਾਰ ਅਨੁਸਾਰ ਚੱਲਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਲੋਕਾਂ ਨੂੰ ਸਮਾਰੀਆਂ ਵਜੋਂ ਜਾਣਿਆ ਗਿਆ। ਅਸੀਰੀਆਂ ਨੇ ਯਹੂਦਾਹ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਬਹੁਤ ਸਾਰੇ ਸ਼ਹਿਰ ਹਮਲਾਵਰਾਂ ਦੇ ਹੱਥੋਂ ਹਾਰ ਗਏ, ਪਰ ਪਰਮੇਸ਼ੁਰ ਨੇ ਯਰੂਸ਼ਲਮ ਨੂੰ ਬਚਾ ਲਿਆ। ਹਾਰਿਆ ਹੋਇਆ ਅਸੀਰੀ ਰਾਜਾ ਆਪਣੇ ਦੇਸ਼ ਪਰਤ ਗਿਆ। ਅਤੇ ਉਸ ਨੂੰ ਉਸ ਦੇ ਦੋ ਪੁੱਤਰਾਂ ਨੇ ਕਤਲ ਕਰ ਦਿੱਤਾ। ਇਸ ਲਈ ਯਹੂਦਾਹ ਬਚ ਗਿਆ।

ਕੁਝ ਸਮੇਂ ਲਈ ਯਹੂਦਾਹ ਦੇ ਲੋਕ ਬਦਲ ਗਏ, ਉਨ੍ਹਾਂ ਨੇ ਕੁਝ ਸਮੇਂ ਲਈ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਸ਼ੁਰੂ ਕਰ ਦਿੱਤਾ, ਪਰ ਆਖਿਰਕਾਰ ਉਹ ਵੀ ਹਾਰ ਗਏ ਅਤੇ ਬਿੱਖਰ ਗਏ। ਬੇਬੀਲੋਨ ਦੀ ਕੌਮ ਤਾਕਤ ਵਿੱਚ ਆ ਗਈ ਅਤੇ ਉਸ ਨੇ ਯਹੂਦਾਹ ਉੱਤੇ ਹਮਲਾ ਕਰ ਦਿੱਤਾ। ਪਹਿਲਾਂ ਪਹਿਲ ਉਹ ਸਿਰਫ ਕੁਝ ਬੰਦਿਆਂ ਨੂੰ ਬੰਦੀ ਬਣਾ ਕੇ ਲੈ ਗਏ। ਪਰ ਕੁਝ ਵਰ੍ਹੇ ਬਾਅਦ 587/586 ਈਸਾ ਪੂਰਵ ਵਿੱਚ ਉਹ ਯਰੂਸ਼ਲਮ ਅਤੇ ਮੰਦਰ ਨੂੰ ਤਬਾਹ ਕਰਨ ਲਈ ਵਾਪਸ ਪਰਤ ਆਏ। ਕੁਝ ਲੋਕ ਭੱਜ ਕੇ ਮਿਸਰ ਚਲੇ ਗਏ ਪਰ ਉਨ੍ਹਾਂ ਵਿੱਚੋਂ ਬਹੁਤ ਗੁਲਾਮ ਬਣਾ ਕੇ ਬੇਬੀਲੋਨ ਲੈ ਜਾਏ ਗਏ। ਇੱਕ ਵਾਰ ਫ਼ੇਰ ਪਰਮੇਸ਼ੁਰ ਨੇ ਲੋਕਾਂ ਵੱਲ ਨਬੀਆਂ ਨੂੰ ਭੇਜਿਆ ਅਤੇ ਉਨ੍ਹਾਂ ਨੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਜਾਪਦਾ ਹੈ ਕਿ ਮੰਦਰ ਅਤੇ ਯਰੂਸ਼ਲਮ ਦੀ ਤਬਾਹੀ ਨੇ ਅਤੇ ਬੇਬੀਲੋਨ ਵਿੱਚ ਦੇਸ਼ ਨਿਕਾਲੇ ਨੇ ਲੋਕਾਂ ਵਿੱਚ ਸੱਚ ਮੁੱਚ ਦੀ ਤਬਦੀਲੀ ਲਿਆਂਦੀ। ਨਬੀਆਂ ਨੇ ਨਵੇਂ ਰਾਜੇ ਅਤੇ ਉਸਦੇ ਰਾਜ ਦੀਆਂ ਗੱਲਾਂ ਕੀਤੀਆਂ। ਇਨ੍ਹਾਂ ਨਬੀਆਂ ਵਿੱਚੋਂ ਇੱਕ, ਯਿਰਮਿਯਾਹ ਨੇ ਤਾਂ ਨਵੇਂ ਕਰਾਰ ਦੀ ਗੱਲ ਵੀ ਕੀਤੀ। ਇਹ ਨਵਾਂ ਕਰਾਰ ਪੱਥਰ ਦੀਆਂ ਸ਼ਿਲਾਵਾਂ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੇ ਲੋਕਾਂ ਦੇ ਦਿਲਾਂ ਉੱਤੇ ਲਿਖਿਆ ਜਾਵੇਗਾ।

## ਯਹੂਦੀ ਫਲਸਤੀਨ ਪਰਤੇ

ਇਸੇ ਦੌਰਾਨ ਮੱਧ-ਫ਼ਾਰਸ ਸਲਤਨਤ ਉੱਤੇ ਸਾਈਰੁਸ ਤਾਕਤ ਵਿੱਚ ਆਗਿਆ ਅਤੇ ਉਸਨੇ ਬੇਬੀਲੋਨ ਨੂੰ ਜਿੱਤ ਲਿਆ। ਸਾਈਰੁਸ ਨੇ ਲੋਕਾਂ ਨੂੰ ਆਪਣੀ ਮਾਤ੍ਰਭੂਮੀ ਵਿੱਚ ਪਰਤਣ ਦੀ ਇਜ਼ਾਜ਼ਤ ਦੇ ਦਿੱਤੀ। ਇਸ ਲਈ 70 ਵਰ੍ਹਿਆਂ ਦੇ ਦੇਸ਼ ਨਿਕਾਲੇ ਤੋਂ ਬਾਅਦ ਯਹੂਦਾਹ ਦੇ ਬਹੁਤ ਸਾਰੇ ਲੋਕ ਘਰੀਂ ਵਾਪਸ ਪਰਤ ਆਏ। ਲੋਕਾਂ ਨੇ ਮੰਦਰ ਦੀ ਪੁਨਰ ਉਸਾਰੀ ਕੀਤੀ, ਭਾਵੇਂ ਇਹ ਓਨਾਂ ਸੁੰਦਰ ਨਹੀਂ ਸੀ ਜਿਹੋ ਜਿਹਾ ਇਸਨੂੰ ਸੁਲੇਮਾਨ ਨੇ ਬਣਾਇਆ ਸੀ।

ਬਹੁਤ ਸਾਰੇ ਲੋਕ ਸੱਚ ਮੁੱਚ ਪਰਮੇਸ਼ੁਰ ਵੱਲ ਪਰਤ ਆਏ ਅਤੇ ਸ਼ਰ੍ਹਾ, ਨਬੀਆਂ ਦੀਆਂ ਲਿਖਤਾਂ, ਅਤੇ ਹੋਰ ਪਵਿੱਤਰ ਲਿਖਤਾਂ ਨੂੰ ਪੜ੍ਹਨ ਲੱਗ ਪਏ। ਬਹੁਤ ਸਾਰੇ ਆਦਮੀ ਲਿਖਾਰੀ (ਖਾਸ ਵਿਦਵਾਨ) ਬਣ ਗਏ, ਜਿਨ੍ਹਾਂ ਨੇ ਪਵਿੱਤਰ ਪੋਥੀਆਂ ਦੀਆਂ ਨਕਲਾਂ ਤਿਆਰ ਕੀਤੀਆਂ। ਸਮਾਂ ਪਾਕੇ ਇਨ੍ਹਾਂ ਆਦਮੀਆਂ ਨੇ ਪੋਥੀਆਂ ਦੇ ਅਧਿਐਨ ਲਈ ਵਿਦਿਆਲੇ ਬਣਾਏ। ਲੋਕ ਸਬਤ (ਸ਼ਨਿਚਰਵਾਰ) ਦੇ ਦਿਨ ਇਕੱਠੇ ਹੋਕੇ ਅਧਿਐਨ, ਪ੍ਰਾਰਥਨਾ ਅਤੇ ਪਰਮੇਸ਼ੁਰ ਦੀ ਉਪਾਸਨਾ ਕਰਨ ਲੱਗ ਪਏ। ਆਪਣੀਆਂ ਸਭਾਵਾਂ ਵਿੱਚ ਉਹ ਪੋਥੀਆਂ ਦਾ ਅਧਿਐਨ ਕਰਨ ਲੱਗੇ ਅਤੇ ਬਹੁਤ ਸਾਰੇ ਲੋਕ ਮਸੀਹਾ ਦੀ ਆਮਦ ਦਾ ਇੰਤਜ਼ਾਰ ਕਰਨ ਲੱਗ ਪਏ।

ਪੱਛਮ ਵਿੱਚ, ਸਿਕੰਦਰ ਮਹਾਨ ਨੇ ਯੂਨਾਨ ਉੱਤੇ ਅਧਿਕਾਰ ਜਮਾ ਲਿਆ ਅਤੇ ਛੇਤੀ ਹੀ ਦੁਨੀਆਂ ਫਤਹਿ ਕਰ ਲਈ। ਉਸਨੇ ਯੂਨਾਨੀ ਭਾਸ਼ਾ ਅਤੇ ਯੂਨਾਨ ਦੀਆਂ ਰਸਮਾਂ ਰੀਤਾਂ ਅਤੇ ਸਭਿਆਚਾਰ ਨੂੰ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਫੈਲਾ ਦਿੱਤਾ। ਜਦੋਂ ਉਸਦਾ ਦੇਹਾਂਤ ਹੋਇਆ, ਤਾਂ ਉਸਦੀ ਹਕੂਮਤ ਵੰਡੀ ਗਈ, ਅਤੇ ਛੇਤੀ ਹੀ ਇੱਕ ਹੋਰ ਸਲਤਨਤ ਉਭਰੀ ਅਤੇ ਉਸਨੇ ਜਾਣੀ ਪਛਾਣੀ ਦੁਨੀਆਂ ਦੇ ਵਡੇਰੇ ਭਾਗ, ਜਿਸ ਵਿੱਚ ਫਲਸਤੀਨ ਵੀ ਸ਼ਾਮਿਲ ਸੀ ਜਿੱਥੇ ਯਹੂਦਾਹ ਦੇ ਲੋਕ ਰਹਿੰਦੇ ਸਨ ।

ਨਵੇਂ ਰੋਮੀ ਸ਼ਾਸਕ, ਜ਼ਾਲਮ ਅਤੇ ਕਠੋਰ ਸਨ ਅਤੇ ਯਹੂਦੀ ਘਮੰਡੀ ਅਤੇ ਵਿਦ੍ਰੋਹੀ ਸਨ। ਇਨ੍ਹਾਂ ਮੁਸ਼ਕਿਲ ਸਮਿਆਂ ਵਿੱਚ ਬਹੁਤ ਸਾਰੇ ਯਹੂਦੀ ਅਜਿਹੇ ਸਨ ਜਿਹੜੇ ਆਪਣੇ ਜੀਵਨ ਕਾਲ ਵਿੱਚ ਕਿਸੇ ਮਸੀਹਾ ਦੇ ਆਗਮਨ ਦਾ ਇੰਤਜ਼ਾਰ ਕਰ ਰਹੇ ਸਨ। ਇਹ ਯਹੂਦੀ ਚਾਹੁੰਦੇ ਸਨ ਕਿ ਉਨ੍ਹਾਂ ਉੱਤੇ ਸਿਰਫ ਪਰਮੇਸ਼ੁਰ ਅਤੇ ਮਸੀਹਾ ਦਾ ਰਾਜ ਹੋਵੇ ਜਿਸ ਦਾ ਪਰਮੇਸ਼ੁਰ ਨੇ ਉਨ੍ਹਾਂ ਵੱਲ ਭੇਜਣ ਦਾ ਵਾਅਦਾ ਕੀਤਾ ਸੀ। ਉਹ ਇਹ ਨਹੀਂ ਸਮਝਦੇ ਸਨ ਕਿ ਪਰਮੇਸ਼ੁਰ ਨੇ ਮਸੀਹਾ ਰਾਹੀਂ ਦੁਨੀਆਂ ਨੂੰ ਬਚਾਉਣ ਦੀ ਯੋਜਨਾ ਬਣਾਈ ਹੋਈ ਸੀ। ਉਹ ਇਹ ਸੋਚਦੇ ਸਨ ਕਿ ਪਰਮੇਸ਼ੁਰ ਦੀ ਯੋਜਨਾ ਦੁਨੀਆਂ ਕੋਲੋਂ ਯਹੂਦੀਆਂ ਨੂੰ ਬਚਾਉਣ ਦੀ ਸੀ। ਕੁਝ ਯਹੂਦੀ ਪਰਮੇਸ਼ੁਰ ਵੱਲੋਂ ਭੇਜੇ ਜਾਣ, ਵਾਲੇ ਮਸੀਹਾ ਦਾ ਇੰਤਜ਼ਾਰ ਕਰਨ ਵਿੱਚ ਹੀ ਸੰਤੁਸ਼ਟ ਸਨ। ਪਰ ਹੋਰਨਾਂ ਨੇ ਪਰਮੇਸ਼ੁਰ ਨੂੰ ਆਪਣਾ ਨਵਾਂ ਰਾਜ ਸਥਾਪਿਤ ਕਰਨ ਵਿੱਚ “ਮਦਦ” ਦੇਣ ਦਾ ਨਿਰਣਾ ਕੀਤਾ। ਇਨ੍ਹਾਂ ਯਹੂਦੀਆਂ ਨੂੰ ਕਨਾਨੀ (ਜ਼ੀਲੋਟ) ਆਖਿਆ ਜਾਂਦਾ ਸੀ। ਇਨ੍ਹਾਂ ਕਨਾਨੀਆਂ ਨੇ ਰੋਮੀਆਂ ਦੇ ਵਿਰੁੱਧ ਲੜਾਈ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਈ ਵਾਰੀ ਰੋਮੀਆਂ ਨਾਲ ਸਹਿਯੋਗ ਕਰਨ ਵਾਲੇ ਹੋਰਨਾਂ ਯਹੂਦੀਆਂ ਨੂੰ ਵੀ ਮਾਰ ਦਿੱਤਾ।

# ਯਹੂਦੀ ਧਾਰਮਿਕ ਫ਼ਿਰਕੇ

ਪਹਿਲੀ ਸ਼ਤਾਬਦੀ ਈਸਾ ਪੂਰਵ ਦੇ ਲਾਗੇ ਚਾਗੇ, ਮੂਸਾ ਦੀ ਸ਼ਰ੍ਹਾ ਯਹੂਦੀਆਂ ਲਈ ਬਹੁਤ ਮਹੱਤਵਪੂਰਣ ਬਣ ਗਈ ਸੀ। ਲੋਕਾਂ ਨੇ ਇਸ ਸ਼ਰ੍ਹਾ ਬਾਰੇ ਅਧਿਐਨ ਤੇ ਬਹਿਸਾਂ ਕੀਤੀਆਂ ਸਨ। ਲੋਕ ਇਸ ਸ਼ਰ੍ਹਾ ਨੂੰ ਅਨੇਕਾਂ ਢੰਗਾਂ ਨਾਲ ਸਮਝਦੇ ਸਨ। ਪਰੰਤੂ ਬਹੁਤ ਸਾਰੇ ਯਹੂਦੀ ਇਸ ਸ਼ਰ੍ਹਾ ਲਈ ਮਰ ਮਿਟਣ ਲਈ ਤਿਆਰ ਸਨ। ਯਹੂਦੀਆਂ ਵਿੱਚ ਤਿੰਨ ਪ੍ਰਮੁੱਖ ਧਾਰਮਿਕ ਫ਼ਿਰਕੇ ਸਨ, ਅਤੇ ਹਰੇਕ ਫਿਰਕੇ ਦੇ ਆਪੋ ਆਪਣੇ ਲਿਖਾਰੀ (ਸ਼ਰ੍ਹਾ ਦਾਨ ਜਾਂ ਵਿਦਵਾਨੀ) ਸਨ।

## ਸਦੂਕੀ

ਇੱਕ ਫ਼ਿਰਕੇ ਦਾ ਨਾਮ ਸਦੂਕੀ ਸੀ। ਇਹ ਨਾਂ ਸਾਇਦ ਸਦੋਕ ਤੋਂ ਨਿਕਲਿਆ ਸੀ, ਜਿਹੜਾ ਰਾਜੇ ਦਾਊਦ ਦੇ ਸਮੇਂ ਸਸਰਦਾਰ ਜਾਜਕ ਸੀ। ਜਾਜਕਾਂ ਅਤੇ ਅਧਿਕਾਰੀਆਂ ਦੇ ਵਰਗ ਦੇ ਬਹੁਤ ਬੰਦੇ ਸਦੂਕੀ ਸਨ। ਇਹ ਬੰਦੇ ਧਾਰਮਿਕ ਮਾਮਲਿਆਂ ਵਿੱਚ ਸਿਰਫ ਸ਼ਰ੍ਹਾ (ਮੂਸਾ ਦੀਆਂ ਪੰਜ ਪੁਸਤਕਾਂ) ਨੂੰ ਹੀ ਆਪਣਾ ਪ੍ਰਮਾਣ ਮੰਨਦੇ ਸਨ। ਇਹ ਸ਼ਰ੍ਹਾ ਜਾਜਕਾਂ ਅਤੇ ਬਲੀਆਂ ਬਾਰੇ ਬਹੁਤ ਸਾਰੀਆਂ ਗੱਲਾਂ ਦੀ ਸਿੱਖਿਆ ਦਿੰਦਾ ਸੀ ਪਰੰਤੂ ਇਹ ਮੌਤ ਤੋਂ ਬਾਅਦ ਦੇ ਜੀਵਨ ਬਾਰੇ ਉਪਦੇਸ਼ ਨਹੀਂ ਦਿੰਦਾ ਸੀ। ਇਸ ਲਈ ਸਦੂਕੀ ਮੌਤ ਤੋਂ ਉਭਾਰੇ ਗਏ ਲੋਕਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ।

## ਫ਼ਰੀਸੀ

ਇੱਕ ਹੋਰ ਫਿਰਕੇ ਦਾ ਨਾਂ ਫਰੀਸੀ ਸੀ। ਇਹ ਨਾਂ ਇਬਰਾਨੀ ਭਾਸ਼ਾ ਵਿੱਚੋਂ ਨਿਕਲਿਆ ਹੈ ਜਿਸਦਾ ਅਰਥ ਹੈ “ਵਿਆਖਿਆ ਕਰਨਾ” ਜਾਂ “ਵੱਖ ਕਰਨਾ”। ਇਨ੍ਹਾਂ ਲੋਕਾਂ ਨੇ ਸਾਧਾਰਨ ਲੋਕਾਂ ਲਈ ਮੂਸਾ ਦੀ ਸ਼ਰ੍ਹਾ ਦੀ ਸਿੱਖਿਆ ਦੇਣ ਜਾਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ। ਫਰੀਸੀਆਂ ਦਾ ਵਿਸ਼ਵਾਸ ਸੀ ਕਿ ਮੂਸਾ ਦੇ ਸਮੇਂ ਤੱਕ ਜਾਂਦੀ ਇੱਕ ਜ਼ਬਾਨੀ ਪਰੰਪਰਾ ਵੀ ਸੀ। ਇਨ੍ਹਾਂ ਦਾ ਵਿਸ਼ਵਾਸ ਸੀ ਹਰ ਪੀੜ੍ਹੀ ਦੇ ਲੋਕਾਂ ਨੂੰ ਉਸ ਪੀੜ੍ਹੀ ਦੀਆਂ ਲੋੜਾਂ ਦੀ ਪੂਰਤੀ ਲਈ ਸ਼ਰ੍ਹਾ ਦੀ ਵਿਆਖਿਆ ਆਪਣੇ ਢੰਗ ਨਾਲ ਕਰ ਸਕਦੇ ਸਨ। ਇਸਦਾ ਅਰਥ ਇਹ ਸੀ ਕਿ ਫਰੀਸੀ ਆਪਣੇ ਪ੍ਰਮਾਣ ਵਜੋਂ ਨਾ ਸਿਰਫ ਮੂਸਾ ਦੀ ਸ਼ਰ੍ਹਾ ਨੂੰ ਬਲਕਿ ਨਬੀਆਂ, ਪਵਿੱਤਰ ਲਿਖਤਾਂ ਅਤੇ ਆਪਣੀਆਂ ਰਵਾਇਤਾਂ ਨੂੰ ਵੀ ਪ੍ਰਮਾਣ ਮੰਨ ਸਕਦੇ ਸਨ। ਇਸ ਲਈ ਉਹ ਖਾਣ ਪੀਣ ਅਤੇ ਛੂਹਣ ਦੀ ਮਾਮਲੇ ਵਿੱਚ ਬਹੁਤ ਸਾਵਧਾਨ ਸਨ। ਉਹ ਆਪਣੇ ਹੱਥ ਧੋਣ ਅਤੇ ਇਸ਼ਨਾਨ ਕਰਨ ਬਾਰੇ ਵੀ ਸਾਵਧਾਨ ਸਨ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਸੀ ਕਿ ਲੋਕਾਂ ਨੂੰ ਮੌਤ ਤੋਂ ਉਭਾਰਿਆ ਜਾਵੇਗਾ, ਕਿਉਂਕਿ ਉਨ੍ਹਾਂ ਦੀ ਸਮਝ ਅਨੁਸਾਰ ਅਨੇਕਾਂ ਨਬੀਆਂ ਨੇ ਅਜਿਹਾ ਹੋਣ ਬਾਰੇ ਆਖਿਆ ਸੀ।

## ਏਸੀਨੀ

ਤੀਸਰਾ ਵਡਾ ਫਿਰਕਾ ਏਸੀਨੀਆਂ ਦਾ ਸੀ। ਯਰੂਸ਼ਲਮ ਦੇ ਬਹੁਤ ਸਾਰੇ ਜਾਜਕ ਉਸ ਤਰ੍ਹਾਂ ਦਾ ਜੀਵਨ ਨਹੀਂ ਜਿਉਂਦੇ ਸਨ ਜਿਸ ਤਰ੍ਹਾਂ ਦਾ ਪਰਮੇਸ਼ੁਰ ਚਹੁੰਦਾ ਸੀ। ਅਤੇ ਰੋਮੀਆਂ ਨੇ ਬਹੁਤ ਸਾਰੇ ਸਰਦਾਰ ਜਾਜਕ ਵੀ ਥਾਪੇ ਸਨ, ਅਤੇ ਇਨ੍ਹਾਂ ਵਿੱਚੋਂ ਕੁਝ ਬੰਦੇ ਮੂਸਾ ਦੀ ਸ਼ਰ੍ਹਾ ਅਨੁਸਾਰ ਯੋਗ ਵੀ ਨਹੀਂ ਸਨ। ਇਸੇ ਕਾਰਣ ਏਸੀਨੀ ਇਹ ਨਹੀਂ ਸੋਚਦੇ ਸਨ ਕਿ ਯਰੂਸ਼ਲਮ ਵਿੱਚ ਉਪਾਸਨਾ ਅਤੇ ਬਲੀਆਂ ਉਚਿਤ ਢੰਗ ਨਾਲ ਚੜ੍ਹਾਈਆਂ ਜਾ ਰਹੀਆਂ ਸਨ। ਇਸ ਲਈ ਏਸੀਨੀ ਯਹੂਦਿਯਾ ਦੇ ਉਜਾੜ ਵਿੱਚ ਰਹਿਣ ਲਈ ਬਾਹਰ ਆ ਗਏ। ਉਨ੍ਹਾਂ ਨੇ

ਆਪਣਾ ਭਾਈ ਚਾਰਾ ਬਣਾ ਲਿਆ ਜਿੱਥੇ ਸਿਰਫ ਦੂਸਰੇ ਏਸੀਨੀ ਹੀ ਆਕੇ ਰਹਿ ਸਕਦੇ ਸਨ। ਏਸੀਨੀ ਵਰਤ ਰੱਖਦੇ ਸਨ ਅਤੇ ਪਰਮੇਸ਼ੁਰ ਵੱਲੋਂ ਭੇਜੇ ਜਾਣ ਵਾਲੇ ਮਸੀਹਾ ਦਾ ਇੰਤਜ਼ਾਰ ਕਰ ਰਹੇ ਸਨ ਜਿਹੜਾ ਮੰਦਰ ਅਤੇ ਜਾਜਕਾਂ ਦੀ ਸੰਸਥਾ ਨੂੰ ਸ਼ੁੱਧ ਕਰ ਦੇਵੇਗਾ। ਬਹੁਤ ਸਾਰੇ ਵਿਦਵਾਨਾਂ ਦਾ ਮਤ ਹੈ ਕਿ ਇਨ੍ਹਾਂ ਏਸੀਨੀਆਂ ਦਾ ਕਿਸੇ ਨਾ ਕਿਸੇ ਤਰ੍ਹਾਂ ਦਾ ਕੁਮਰਾਨ ਭਾਈਚਾਰੇ ਅਤੇ ਕੁਮਰਾਨ ਅਤੇ ਯਹੂਦਿਯਾ ਦੇ ਉਜਾੜ ਦੇ ਇਲਾਕੇ ਦੀਆਂ ਹੋਰਨਾਂ ਥਾਵਾਂ ਉੱਤੇ ਮਿਲਦੀਆਂ ਪੁਰਾਤਕ ਲਿਖਤਾਂ ਨਾਲ ਸੰਬੰਧ ਹੈ।

## ਨਵਾਂ ਨੇਮ

ਪਰਮੇਸ਼ੁਰ ਨੇ ਆਪਣੀ ਯੋਜਨਾ ਆਰੰਭ ਕਰ ਦਿੱਤੀ ਸੀ। ਉਸ ਨੇ ਇੱਕ ਖਾਸ ਕੌਮ ਨੂੰ ਚੁਣਿਆ। ਉਸ ਨੇ ਉਨ੍ਹਾਂ ਲੋਕਾਂ ਨਾਲ਼ ਇੱਕ ਕਰਾਰ ਕੀਤਾ ਜਿਹੜਾ ਉਨ੍ਹਾਂ ਨੂੰ ਉਸ ਦੇ ਇਨਸਾਫ਼ ਅਤੇ ਨੇਕੀ ਨੂੰ ਸਮਝਣ ਲਈ ਤਿਆਰ ਕਰੇਗਾ। ਆਪਣੇ ਨਬੀ ਅਤੇ ਕਵੀਆਂ ਦੇ ਮਾਧਿਅਮ ਰਾਹੀਂ ਉਸ ਨੇ ਦੁਨੀਆਂ ਨੂੰ ਅਸੀਸ ਦੇਣ ਲਈ ਇੱਕ ਨਵੇਂ ਅਤੇ ਬਿਹਤਰ ਕਰਾਰ ਉੱਪਰ ਆਧਾਰਿਤ ਪੂਰਨ ਆਤਮਕ ਰਾਜ ਸਥਾਪਿਤ ਕਰਨ ਦੀ ਆਪਣੀ ਯੋਜਨਾ ਪ੍ਰਗਟ ਕਰ ਦਿੱਤੀ। ਇਸ ਯੋਜਨਾ ਨੇ ਕਰਾਰ ਮੁਜਬ ਆਉਣ ਵਾਲੇ ਮਸੀਹਾ ਦੇ ਆਗਮਨ ਨਾਲ ਆਰੰਭ ਹੋਣਾ ਸੀ। ਨਬੀਆਂ ਨੇ ਉਸਦੇ ਆਗਮਨ ਬਾਰੇ ਬੜੇ ਵਿਸਤਾਰ ਨਾਲ਼ ਗੱਲਾਂ ਕੀਤੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਇਹ ਮਸੀਹਾ ਕਿੱਥੇ ਜੰਮੇਗਾ, ਉਹ ਕਿਸ ਤਰ੍ਹਾਂ ਦਾ ਵਿਅਕਤੀ ਹੋਵੇਗਾ ਅਤੇ ਉਸਦਾ ਕਾਰਜ ਕੀ ਹੋਵੇਗਾ। ਹੁਣ ਮਸੀਹਾ ਦੇ ਆਉਣ ਦਾ ਸਮਾ ਅਤੇ ਨਵੇਂ ਨੇਮ ਨੂੰ ਸ਼ੁਰੂ ਕਰਨ ਦਾ ਸਮਾਂ ਆਗਿਆ ਸੀ।

ਨਵੇਂ ਨੇਮ ਦੀਆਂ ਲਿਖਤਾਂ ਇਹ ਬਿਆਨ ਕਰਦੀਆਂ ਹਨ ਕਿ ਪਰਮੇਸ਼ੁਰ ਦਾ ਨਵਾਂ ਕਰਾਰ ਕਿਵੇਂ ਪ੍ਰਗਟ ਹੋਇਆ ਅਤੇ ਯਿਸੂ ਰਾਹੀਂ ਇਸ ਨੂੰ ਅਮਲ ਵਿੱਚ ਲਿਆਂਦਾ ਗਿਆ। ਜਿਹੜਾ ਕਿ ਮਸੀਹ (ਮਸਹ ਕੀਤਾ ਹੋਇਆ ਜਾਂ ਮਸੀਹਾ) ਸੀ। ਇਨ੍ਹਾਂ ਤੋਂ ਸਿੱਖਿਆ ਮਿਲਦੀ ਹੈ ਕਿ ਇਹ ਕਰਾਰ ਸਮੂਹ ਲੋਕਾਂ ਲਈ ਸੀ। ਅਤੇ ਉਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਪਹਿਲੀ ਸਦੀ ਦੇ ਲੋਕਾਂ ਨੇ ਪਰਮੇਸ਼ੁਰ ਦੇ ਮਿਹਰ ਭਰੇ ਪਿਆਰ ਦੇ ਸੱਦੇ ਦਾ ਕਿਵੇਂ ਹੁੰਗਾਰਾ ਦਿੱਤਾ ਅਤੇ ਇਵੇਂ ਇਸ ਨਵੇਂ ਕਰਾਰ ਦੇ ਅੰਗ ਬਣ ਗਏ। ਇਹ ਲਿਖਤਾਂ ਪਰਮੇਸ਼ੁਰ ਦੇ ਬੰਦਿਆਂ ਨੂੰ ਇਸ ਗੱਲ ਦੀਆਂ ਹਿਦਾਇਤਾਂ ਦਿੰਦੀਆਂ ਹਨ ਕਿ ਇਸ ਜੀਵਨ ਵਿੱਚ ਕਿਵੇਂ ਰਹਿਣਾ ਹੈ। ਉਹ ਉਨ੍ਹਾਂ ਅਸੀਸਾਂ ਬਾਰੇ ਵੀ ਦੱਸਦੀਆਂ ਹਨ ਜਿਨ੍ਹਾਂ ਦਾ ਪਰਮੇਸ਼ੁਰ ਆਪਣੇ ਲੋਕਾਂ ਲਈ ਇੱਥੇ ਪੂਰਣ ਅਤੇ ਅਰਥ ਭਰਪੂਰ ਜੀਵਨ ਲਈ ਅਤੇ ਮੌਤ ਤੋਂ ਬਾਅਦ ਉਸਦੇ ਨਾਲ਼ ਜੀਵਨ ਜਿਉਣ ਦਾ ਵਾਅਦਾ ਕਰਦਾ ਹੈ।

ਨਵੇਂ ਨੇਮ ਦੀਆਂ ਲਿਖਤਾਂ ਵਿੱਚ ਘੱਟੋ ਘੱਟ ਅੱਠ ਵਿਭਿੰਨ ਲੇਖਕਾਂ ਦੀਆਂ ਸਤਾਈ ਵੱਖ ਵੱਖ ਪੁਸਤਕਾਂ ਹਨ। ਇਨ੍ਹਾਂ ਸਾਰਿਆਂ ਨੇ ਯੂਨਾਨੀ ਭਾਸ਼ਾ ਵਿੱਚ ਲਿਖਿਆ ਜਿਹੜੀ ਕਿ ਪਹਿਲੀ ਸਦੀ ਦੇ ਸੰਸਾਰ ਵਿੱਚ ਦੂਰ ਦੂਰ ਤੱਕ ਬੋਲੀ ਜਾਂਦੀ ਸੀ। ਕੁੱਲ ਲਿਖਤਾਂ ਦਾ ਅੱਧਾ ਭਾਗ ਚਾਰ ਰਸੂਲਾਂ ਰਾਹੀਂ ਪੂਰਾ ਕੀਤਾ ਗਿਆ। ਇਹ ਰਸੂਲ ਯਿਸੂ ਵੱਲੋਂ ਚੁਣੇ ਹੋਏ ਉਸਦੇ ਖਾਸ ਪ੍ਰਤਿਨਿਧ ਜਾਂ ਸਹਾਇਕ ਸਨ। ਇਨ੍ਹਾਂ ਵਿੱਚੋਂ ਤਿੰਨ, ਮੱਤੀ, ਯੂਹੰਨਾ ਅਤੇ ਪਤਰਸ ਯਿਸੂ ਦੇ ਇਸ ਧਰਤੀ ਉੱਤੇ ਜੀਵਨ ਦੌਰਾਨ ਉਸਦੇ ਬਾਰ੍ਹਾਂ ਨਜ਼ਦੀਕੀ ਅਨੁਯਾਈਆਂ ਵਿੱਚੋਂ ਸਨ। ਦੂਸਰਾ ਲੇਖਕ ਪੌਲੁਸ ਯਿਸੂ ਵੱਲੋਂ ਬਾਅਦ ਵਿੱਚ ਚਮਤਕਾਰੀ ਪ੍ਰਗਟਾਵੇ ਰਾਹੀਂ ਚੁਣਿਆ ਗਿਆ ਸੀ।

ਪਹਿਲੀਆਂ ਚਾਰ ਪੁਸਤਕਾਂ ਜਿਨ੍ਹਾਂ ਨੂੰ "ਇੰਜੀਲ" ਆਖਿਆ ਜਾਂਦਾ ਹੈ, ਯਿਸੂ ਮਸੀਹ ਦੇ ਜੀਵਨ ਅਤੇ ਦੇਹਾਂਤ ਬਾਰੇ ਵੱਖ ਵੱਖ ਬਿਰਤਾਂਤ ਹਨ। ਆਮ ਤੌਰ ਤੇ ਇਹ ਪੁਸਤਕਾਂ ਯਿਸੂ ਦੀ ਸਿੱਖਿਆ ਉੱਤੇ ਬਲ ਦਿੰਦੀਆਂ ਹਨ, ਇਸ ਧਰਤੀ ਉੱਤੇ ਉਸਦੇ ਪ੍ਰਗਟ ਹੋਣ ਦੇ ਮਨੋਰਥ, ਅਤੇ ਉਸਦੀ ਮੌਤ ਦੀ ਵਿਲਖਣ ਸਾਰਥਕਤਾ ਉੱਤੇ ਬਲ ਦਿੰਦੀਆਂ ਹਨ, ਬਲਕਿ ਉਸਦੇ ਜੀਵਨ ਦੇ ਸਿਰਫ ਇਤਿਹਾਸਕ ਤੱਥਾਂ ਉੱਪਰ ਨਹੀਂ। ਇਹ ਗੱਲ ਚੌਥੀ ਪੁਸਤਕ, ਯੂਹੰਨਾ ਦੀ ਇੰਜੀਲ, ਬਾਰੇ ਖਾਸ ਤੌਰ ਤੇ ਸੱਚ ਹੈ। ਪਹਿਲੀਆਂ ਤਿੰਨ ਇੰਜੀਲਾਂ ਵਿਸ਼ੈਵਸਤੂ ਪੱਖੋਂ ਇੱਕ ਦੂਸਰੇ ਨਾਲ ਬਹੁਤ ਮਿਲਦੀਆਂ ਹਨ। ਅਸਲ ਵਿੱਚ, ਇੱਕ ਇੰਜੀਲ ਦੇ ਵਿਚਾਰਾਂ ਦਾ ਬਹੁਤਾ ਭਾਗ ਪਹਿਲੀ ਜਾਂ ਦੂਸਰੀ ਦੋਹਾਂ ਵਿੱਚ ਮਿਲਦਾ ਹੈ। ਤਾਂ ਵੀ ਹਰੇਕ ਲੇਖਕ ਵੱਖਰੇ ਪਾਠਕਾਂ ਜਾਂ ਸਰੋਤਿਆਂ ਨੂੰ ਮੁੱਖ ਰੱਖ ਕੇ ਲਿਖ ਰਿਹਾ ਹੈ ਅਤੇ ਉਸਦਾ ਦ੍ਰਿਸ਼ਟੀ ਕੋਣ ਜਾਂ ਟੀਚਾ ਕੁਝ ਵੱਖਰਾ ਜਾਪਦਾ ਹੈ।

ਚੌਹਾਂ ਇੰਜੀਲਾਂ ਤੋਂ ਬਾਅਦ "ਰਸੂਲਾਂ ਦੇ ਕਰਤੱਬ" ਆਉਂਦੇ ਹਨ, ਜਿਨ੍ਹਾਂ ਵਿੱਚ ਯਿਸੂ ਦੇ ਦੇਹਾਂਤ ਤੋਂ ਬਾਅਦ ਦੀਆਂ ਘਟਨਾਵਾਂ ਦਾ ਇਤਿਹਾਸ ਹੈ। ਇਹ ਬਿਆਨ ਕਰਦੇ ਹਨ ਕਿ ਸਾਰੀ ਦੁਨੀਆਂ ਵਿੱਚ ਪਰਮੇਸ਼ੁਰ ਦੇ ਸਮੂਹ ਲੋਕਾਂ ਲਈ ਪ੍ਰੇਮ ਦੇ ਸੱਦੇ ਦਾ ਐਲਾਨ ਯਿਸੂ ਦੇ ਅਨੁਯਾਈਆਂ ਨੇ ਕੀਤਾ। ਇਹ ਦੱਸਦਾ ਹੈ ਕਿ ਕਿਵੇਂ ਇਸ "ਇੰਜੀਲ" ਜਾਂ "ਖੁਸ਼ ਖ਼ਬਰੀ" ਐਲਾਨ ਪੂਰੇ ਫਲਸਤੀਨ ਅਤੇ ਰੋਮਨ ਸੰਸਾਰ ਵਿੱਚ ਮਸੀਹੀ ਧਰਮ ਨੂੰ ਵਿਆਪਕ ਤੌਰ ਤੇ ਪ੍ਰਵਾਨ ਕੀਤਾ ਗਿਆ। ਰਸੂਲਾਂ ਦੇ ਕਰਤੱਬ ਦੀ ਪੁਸਤਕ ਲੂਕਾ ਵੱਲੋਂ ਲਿਖੀ ਗਈ ਸੀ ਜੋ ਕਿ ਮੁੱਖ ਤੌਰ ਤੇ ਉਸ ਦੇ ਅੱਖੀਂ ਡਿੱਠੇ ਹਾਲ ਉੱਪਰ ਆਧਾਰਿਤ ਹੈ। ਲੂਕਾ ਤੀਸਰੀ ਇੰਜੀਲ ਦਾ ਲੇਖਕ ਵੀ ਸੀ। ਉਸ ਦੀਆਂ ਇਹ ਦੋਵੇਂ ਪੁਸਤਕਾਂ ਤਰਕ ਸੰਗਤ ਇਕਾਈ ਬਣਾਉਂਦੀਆਂ ਹਨ, ਰਸੂਲਾਂ ਦੇ ਕਰਤੱਬ ਉਸਦੇ ਬਿਆਨ ਕੀਤੇ ਯਿਸੂ ਦੇ ਜੀਵਨ ਦਾ ਸੁਭਾਵਨ ਅਗਲੇਰਾ ਹਿੱਸਾ ਹਨ।

ਰਸੂਲਾਂ ਦੇ ਕਰਤੱਬ ਤੋਂ ਬਾਅਦ ਵਿਅਕਤੀਆਂ ਜਾਂ ਮਸੀਹੀਆਂ ਦੇ ਸਮੂਹਾਂ ਨੂੰ ਲਿਖੇ ਹੋਏ ਪੱਤਰਾਂ ਦਾ ਸੰਗ੍ਰਹਿ ਹੈ। ਇਹ ਪੱਤਰ ਯਿਸੂ ਦੇ ਦੋ ਰਸੂਲਾਂ ਪੌਲੁਸ ਅਤੇ ਪਤਰਸ ਵਰਗੇ ਮਸੀਹੀ ਆਗੂਆਂ, ਵੱਲੋਂ ਭੇਜੇ ਗਏ ਸਨ। ਇਹ ਪੱਤਰ ਉਸ ਵੇਲੇ ਦੇ ਲੋਕਾਂ ਦੀਆਂ ਮੁਸ਼ਕਿਲ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਸਹਾਇਤਾ ਦੇਣ ਲਈ ਲਿਖੇ ਗਏ ਸਨ। ਇਨ੍ਹਾਂ ਦਾ ਮੰਤਵ ਸਿਰਫ਼ ਉਨਾਂਹ ਲੋਕਾਂ ਨੂੰ ਹੀ ਸੂਚਨਾ ਦੇਣਾ, ਸੋਧਣ, ਸਿੱਖਿਆ ਦੇਣ ਅਤੇ ਹੌਸਲਾਂ ਦੇਣਾ ਹੀ ਨਹੀਂ ਸਗੋਂ ਸਮੂਹ ਮਸੀਹੀਆਂ ਨੂੰ ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੇ ਸਾਂਝੇ ਜੀਵਨ ਅਤੇ ਸੰਸਾਰ ਵਿੱਚ ਉਨ੍ਹਾਂ ਦੇ ਜੀਵਨ ਨੂੰ ਹੌਂਸਲਾ ਦੇਣਾ ਹੈ। ਨਵੇਂ ਨੇਮ ਦੀ ਆਖਰੀ ਪੁਸਤਕ, "ਪਰਕਾਸ਼", ਹੋਰਨਾਂ ਸਾਰੀਆਂ ਪੁਸਤਕਾਂ ਨਾਲੋਂ ਵੱਖਰੀ ਹੈ। ਇਹ ਬਹੁਤ ਅਲੰਕ੍ਰਿਤ ਭਾਸ਼ਾ ਦੀ ਵਰਤੋਂ ਕਰਦੀ ਹੈ ਅਤੇ ਲੇਖਕ, ਰਸੂਲ ਯੂਹੰਨਾ, ਦੇ ਦੇਖੇ ਹੋਏ ਦਰਸ਼ਨਾਂ ਬਾਰੇ ਦੱਸਦੀ ਹੈ ਬਹੁਤ ਸਾਰੇ ਰੂਪਕ ਅਤੇ ਬਿੰਬ ਪੁਰਾਤਨ ਨੇਮ ਵਿੱਚੋਂ ਲਏ ਗਏ ਹਨ ਅਤੇ ਉਨ੍ਹਾਂ ਦੇ ਪੁਰਾਨੇ ਨੇਮ ਦੀਆਂ ਲਿਖਤਾਂ ਨਾਲ ਤੁਲਨਾ ਕਰਦੇ ਹੀ ਸਮਝਿਆ ਜਾ ਸਕਦਾ ਹੈ। ਇਹ ਆਖਰੀ ਪੁਸਤਕ ਮਸੀਹੀਆਂ ਨੂੰ ਭਰੋਸਾ ਦਿੰਦੀ ਹੈ ਕਿ ਬਦੀ ਦੀਆਂ ਤਾਕਤਾਂ ਉੱਤੇ ਅੰਤਿਮ ਜਿੱਤ ਪਰਮੇਸ਼ੁਰ ਦੀ ਅਤੇ ਯਿਸੂ ਮਸੀਹ ਦੀ ਤਾਕਤ ਰਾਹੀਂ ਹੋਵੇਗੀ ਜਿਹੜਾ ਕਿ ਉਨ੍ਹਾਂ ਦਾ ਆਗੂ ਅਤੇ ਸਹਾਇਕ ਹੈ।

## ਬਾਈਬਲ ਅਤੇ ਆਧੁਨਿਕ ਪਾਠਕ

ਬਾਈਬਲ ਦੇ ਅਜੋਕੇ ਪਾਠਕ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਇਹ ਪੁਸਤਕਾਂ ਹਜ਼ਾਰਾਂ ਸਾਲ ਪਹਿਲਾਂ ਉਨ੍ਹਾਂ ਲੋਕਾਂ ਲਈ ਲਿਖੀ ਗਈ ਸੀ ਜਿਹੜੇ ਸਾਡੇ ਨਾਲ਼ੋਂ ਬਹੁਤ ਵੱਖਰੀ ਤਰ੍ਹਾਂ ਦੇ ਸੱਭਿਆਚਾਰ ਵਿੱਚ ਰਹਿ ਰਹੇ ਸਨ। ਆਮ ਤੌਰ ਤੇ ਲਿਖਤਾਂ ਉਨ੍ਹਾਂ ਅਸੂਲਾਂ ਉੱਤੇ ਕੇਂਦ੍ਰਿਤ ਹੁੰਦੀਆਂ ਜਿਹੜੇ ਸਰਬਵਿਆਪਕ ਤੌਰ ਤੇ ਸੱਚ ਹੁੰਦੇ ਹਨ, ਭਾਵੇਂ ਉਨ੍ਹਾਂ ਵਿੱਚ ਵਰਤੇ ਗਏ ਬਹੁਤ ਸਾਰੇ ਇਤਿਹਾਸਿਕ ਵੇਰਵੇ, ਉਨ੍ਹਾਂ ਵਿੱਚ ਦਿੱਤੀਆਂ ਗਈਆਂ ਮਿਸਾਲਾਂ ਅਤੇ ਹਵਾਲਿਆਂ ਨੂੰ ਸਿਰਫ ਉਦੋਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਉਨ੍ਹਾਂ ਦੇ ਸਮੇਂ ਅਤੇ ਸਭਿਆਚਾਰ ਦਾ ਥੋੜਾ ਬਹੁਤ ਗਿਆਨ ਹੋਵੇ। ਮਿਸਾਲ ਵਜੋਂ ਯਿਸੂ ਨੇ ਇੱਕ ਅਜਿਹੇ ਆਦਮੀ ਦੀ ਕਹਾਣੀ ਸੁਣਾਈ ਹੈ ਜਿਹੜਾ ਇੱਕ ਐਸੇ ਖੇਤ ਵਿੱਚ ਬੀਜ ਬੀਜ ਰਿਹਾ ਸੀ ਜਿਸਦੀ ਮਿੱਟੀ ਦੀਆਂ ਵੱਖ ਵੱਖ ਸਥਿਤੀਆਂ ਸਨ। ਇਨ੍ਹਾਂ ਸਹੀ ਸਥਿਤੀਆਂ ਬਾਰੇ ਅੱਜ ਦਾ ਬੰਦਾ ਅਣਜਾਣ ਹੋ ਸਕਦਾ ਪਰ ਯਿਸੂ ਇਸ ਮਿਸਾਲ ਤੋਂ ਜਿਹੜਾ ਸਿੱਟਾ ਕੱਢਦਾ ਹੈ ਉਹ ਹਰ ਸਮੇਂ ਤੇ ਸਥਾਨ ਉੱਤੇ ਢੁਕਦਾ ਹੈ।

ਆਧੁਨਿਕ ਪਾਠਕ ਨੂੰ ਸ਼ਾਇਦ ਬਾਈਬਲ ਦਾ ਸੰਸਾਰ ਕੁਝ ਅਜੀਬ ਲੱਗੇ। ਉਸ ਲਈ ਇਸਦੀਆਂ ਰਸਮਾਂ ਰੀਤਾਂ, ਬਿਰਤੀਆਂ ਅਤੇ ਲੋਕਾਂ ਦਾ ਬੋਲਚਾਲ ਦਾ ਢੰਗ ਅਜੀਬ ਲੱਗੇ। ਇਨ੍ਹਾਂ ਗੱਲਾਂ ਦਾ ਮੁਲਾਂਕਣ ਉਸ ਸਮੇਂ ਅਤੇ ਸਥਾਨ ਦੇ ਸੰਦਰਭ ਵਿੱਚ ਕਰਨਾ ਹੀ ਉਚਿਤ ਜਾਪਦਾ ਹੈ, ਆਧੁਨਿਕ ਮਿਆਰਾਂ ਅਨੁਸਾਰ ਨਹੀਂ। ਇਸ ਗੱਲ ਨੂੰ ਹੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਬਾਈਬਲ ਦੀ ਰਚਨਾ ਵਿਗਿਆਨ ਦੀ ਪੁਸਤਕ ਵਾਂਗ ਨਹੀਂ ਹੋਈ ਸੀ। ਇਸ ਨੂੰ ਮੁੱਖ ਤੌਰ ਤੇ ਇਤਿਹਾਸਕ ਘਟਨਾਵਾਂ ਬਿਆਨ ਕਰਨ ਲਈ ਅਤੇ ਉਨ੍ਹਾਂ ਘਟਨਾਵਾਂ ਦੀ ਮਸੂਲ ਲੋਕਾਂ ਲਈ ਸਾਰਥਕਤਾ ਦੱਸਣ ਲਈ ਲਿਖਿਆ ਗਿਆ ਸੀ। ਇਸ ਦੀਆਂ ਸਿੱਖਿਆਵਾਂ ਵਿੱਚ ਅਜਿਹੇ ਸਦੀਵੀ ਸੱਚ ਲੁਕੇ ਹੋਏ ਹਨ ਜਿਹੜੇ ਵਿਗਿਆਨ ਦੀ ਪੁਹੰਚ ਤੋਂ ਬਾਹਰ ਹਨ। ਇਹ ਇਸ ਆਧੁਨਿਕ ਕਾਲ ਵਿੱਚ ਵੀ ਸਾਰਥਕ ਹੈ ਕਿਉਂਕਿ ਇਹ ਲੋਕਾਂ ਦੀਆਂ ਬੁਨਿਆਦੀ ਆਤਮਕ ਲੋੜਾਂ ਨਾਲ ਸੰਬੰਧਿਤ ਹੈ ਜੋ ਕਦੇ ਨਹੀਂ ਬਦਲਦੀਆਂ।

ਕੋਈ ਵੀ ਬੰਦਾ ਜਿਹੜਾ ਬਾਈਬਲ ਨੂੰ ਨਿਰਪੱਖ ਹੋਕੇ ਪੜ੍ਹਦਾ ਹੈ ਉਹ ਕਈ ਤਰ੍ਹਾਂ ਦੇ ਲਾਭ ਹਾਸਿਲ ਕਰਨ ਦੀ ਆਸ ਰੱਖਦਾ ਹੈ। ਉਸ ਨੂੰ ਪ੍ਰਾਚੀਨ ਸੰਸਾਰ ਦੇ ਇਤਿਹਾਸ ਅਤੇ ਸੱਭਿਆਚਾਰ ਬਾਰੇ ਗਿਆਨ ਹਾਸਿਲ ਹੋਵੇਗਾ। ਉਸ ਨੂੰ ਯਿਸੂ ਮਸੀਹ ਦੇ ਜੀਵਨ ਅਤੇ ਉਸਦੀਆਂ ਸਿੱਖਿਆਵਾਂ ਦਾ ਗਿਆਨ ਪ੍ਰਾਪਤ ਹੋਵੇਗਾ ਅਤੇ ਇਹ ਵੀ ਪਤਾ ਚੱਲੇਗਾ ਕਿ ਉਸਦੇ ਅਨੁਯਾਈ ਹੋਣ ਦਾ ਕੀ ਅਰਥ ਹੈ। ਉਸ ਨੂੰ ਬੁਨਿਆਦੀ ਆਤਮਕ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਹੋਣਗੀਆਂ ਅਤੇ ਉਹ ਗਤੀ ਸ਼ੀਲ ਅਤੇ ਖੁਸ਼ੀ ਭਰਪੂਰ ਜੀਵਨ ਜਿਉਣ ਦਾ ਵਿਹਾਰਕ ਪਾਠ ਗ੍ਰਹਿਣ ਕਰੇਗਾ। ਉਹ ਜੀਵਨ ਦੇ ਸਭ ਤੋਂ ਔਖੇ ਪ੍ਰਸ਼ਨਾਂ ਦੇ ਜਵਾਬ ਹਾਸਿਲ ਕਰੇਗਾ। ਇਸ ਲਈ ਇਸ ਪੁਸਤਕ ਨੂੰ ਪੜ੍ਹਨ ਦੇ ਬਹੁਤ ਸਾਰੇ ਕਾਰਣ ਹਨ, ਅਤੇ ਅਜਿਹਾ ਬੰਦਾ ਜਿਹੜਾ ਖੁਲ੍ਹੇ ਅਤੇ ਜਿਗਿਆ ਭਰਪੂਰ ਮਨ ਨਾਲ ਇਸ ਨੂੰ ਪੜ੍ਹੇਗਾ ਉਹ ਪਰਮੇਸ਼ੁਰ ਦੇ ਉਨ੍ਹਾਂ ਦੀ ਜ਼ਿੰਦਗੀ ਦੇ ਮਨੋਰਥ ਨੂੰ ਲੱਭ ਸਕੇਗਾ।

# License Agreement for Bible Texts

***World Bible Translation Center***
***Last Updated: September 21, 2006***

Copyright © 2006 by World Bible Translation Center
All rights reserved.

**These Scriptures:**
- Are copyrighted by World Bible Translation Center.
- Are not public domain.
- May not be altered or modified in any form.
- May not be sold or offered for sale in any form.
- May not be used for commercial purposes (including, but not limited to, use in advertising or Web banners used for the purpose of selling online add space).
- May be distributed without modification in electronic form for non-commercial use. However, they may not be hosted on any kind of server (including a Web or ftp server) without written permission. A copy of this license (without modification) must also be included.
- May be quoted for any purpose, up to 1,000 verses, without written permission. However, the extent of quotation must not comprise a complete book nor should it amount to more than 50% of the work in which it is quoted. A copyright notice must appear on the title or copyright page using this pattern: "Taken from the HOLY BIBLE: EASY-TO-READ VERSION™ © 2006 by World Bible Translation Center, Inc. and used by permission." If the text quoted is from one of WBTC's non-English versions, the printed title of the actual text quoted will be substituted for "HOLY BIBLE: EASY-TO-READ VERSION™." The copyright notice must appear in English or be translated into another language. When quotations from WBTC's text are used in non-saleable media, such as church bulletins, orders of service, posters, transparencies or similar media, a complete copyright notice is not required, but the initials of the version (such as "ERV" for the Easy-to-Read Version™ in English) must appear at the end of each quotation.

Any use of these Scriptures other than those listed above is prohibited. For additional rights and permission for usage, such as the use of WBTC's text on a Web site, or for clarification of any of the above, please contact World Bible Translation Center in writing or by email at distribution@wbtc.com.

World Bible Translation Center
P.O. Box 820648
Fort Worth, Texas 76182, USA
Telephone: 1-817-595-1664
Toll-Free in US: 1-888-54-BIBLE
E-mail: info@wbtc.com

**WBTC's web site –** World Bible Translation Center's web site: http://www.wbtc.org

**Order online –** To order a copy of our texts online, go to: http://www.wbtc.org

**Current license agreement –** *This license is subject to change without notice. The current license can be found at:* http://www.wbtc.org/downloads/biblelicense.htm

**Trouble viewing this file –** If the text in this document does not display correctly, use Adobe Acrobat Reader 5.0 or higher. Download Adobe Acrobat Reader from:
http://www.adobe.com/products/acrobat/readstep2.html

**Viewing Chinese or Korean PDFs –** To view the Chinese or Korean PDFs, it may be necessary to download the Chinese Simplified or Korean font pack from Adobe. Download the font packs from:
http://www.adobe.com/products/acrobat/acrrasianfontpack.html